# Punjab Government Gazette

## EXTRAORDINARY

***Published by Authority***

CHANDIGARH, FRIDAY, JUNE 19, 2026

(JYAISTHA 29, 1948 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| **ਭਾਗ I** | **ਐਕਟ** | |
| | 1. ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 2014 (2015 ਦਾ ਪੰਜਾਬ ਐਕਟ ਨੰ. 5) | ...685-703 |
| **ਭਾਗ II** | **ਆਰਡੀਨੈਂਸ** | |
| | *ਕੋਈ ਨਹੀਂ* | |
| **ਭਾਗ III** | **ਅਧੀਨ ਵਿਧਾਨਕਾਰੀ** | |
| | *ਕੋਈ ਨਹੀਂ* | |
| **ਭਾਗ IV** | **ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ** | |
| | *ਕੋਈ ਨਹੀਂ* | |


———

ਭਾਗ -1

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 19 ਜੂਨ, 2026

ਨੰ. 48/ਭ:ਕ/2026.- ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 2014 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ. 5) ਦੀ ਧਾਰਾ 6-ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ ।

DEPARTMENT OF LEGAL AND LEGISLATIVE AFFAIRS

**NOTIFICATION**

The 19th June, 2026

**No. 48/L.C./2026.-** The Translation in Punjabi of the Maharaja Ranjit Singh Punjab Technical University Act, 2014 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No.5 of 1967)

ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 2014
(2015 ਦਾ ਪੰਜਾਬ ਐਕਟ ਨੰ: 5)

ਪੰਜਾਬ ਰਾਜ ਵਿੱਚ ਤਕਨੀਕੀ ਸਿੱਖਿਆ ਦੀ ਉੱਨਤੀ ਅਤੇ ਉਸ ਦੇ ਵਿਕਾਸ ਲਈ ਯੂਨੀਵਰਸਿਟੀ ਦੀ ਸਥਾਪਨਾ ਅਤੇ ਨਿਗਮਨ ਲਈ ਅਤੇ ਉਨ੍ਹਾਂ ਦੇ ਮੁਤੱਲਕ ਜਾਂ ਇਸ ਨਾਲ ਅਨੁਸੰਗਕ ਮਾਮਲਿਆਂ ਲਈ ਉਪਬੰਧ ਕਰਨ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਪੈਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ-ਲਿਖੇ ਅਨੁਸਾਰ ਇਹ ਐਕਟ ਬਣੇ:-

1. (1) ਇਸ ਐਕਟ ਨੂੰ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ ਐਕਟ, 2014 ਕਿਹਾ ਜਾ ਸਕੇਗਾ।

(2) ਇਹ ਸਰਕਾਰੀ ਗਜ਼ਟ ਵਿੱਚ ਇਸ ਦੇ ਪ੍ਰਕਾਸ਼ਤ ਹੋਣ ਦੀ ਤਰੀਕ ਨੂੰ ਅਤੇ ਤੋਂ ਨਾਫ਼ਜ਼ ਹੋਵੇਗਾ। ਸੰਖੇਪ ਨਾਂ ਅਤੇ ਅਰੰਭ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,- ਪਰਿਭਾਸ਼ਾਵਾਂ।

(ੳ) "ਅਕਾਦਮਿਕ ਕੌਂਸਲ" ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) "ਅਥਾਰਟੀਆਂ" ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) "ਬੋਰਡ" ਦਾ ਮਤਲਬ ਹੈ ਯੂਨੀਵਰਸਿਟੀ ਦੇ ਗਵਰਨਰਾਂ ਦਾ ਬੋਰਡ;

(ਸ) "ਚੇਅਰਮੈਨ" ਦਾ ਮਤਲਬ ਹੈ ਬੋਰਡ ਦਾ ਚੇਅਰਮੈਨ;

(ਹ) "ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਕ) "ਕਾਲਜ" ਦਾ ਮਤਲਬ ਇਸ ਐਕਟ ਅਧੀਨ ਯੂਨੀਵਰਸਿਟੀ ਦੁਆਰਾ ਚਲਾਏ ਜਾ ਰਹੇ ਜਾਂ ਉਸ ਦੇ ਵਿਸ਼ੇਸ਼ ਅਧਿਕਾਰਾਂ ਵਿੱਚ ਸ਼ਾਮਲ ਕੀਤੇ ਗਏ ਕਾਲਜ ਜਾਂ ਸੰਸਥਾ ਤੋਂ ਹੈ;

(ਖ) "ਡੀਨ" ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਗ) "ਫੈਕਲਟੀ" ਦਾ ਮਤਲਬ ਹੈ ਯੂਨੀਵਰਸਿਟੀ ਦੀ ਫੈਕਲਟੀ;

(ਘ) "ਮੈਂਬਰ" ਦਾ ਮਤਲਬ ਹੈ ਇਸ ਐਕਟ ਅਧੀਨ ਸਥਾਪਤ ਬੋਰਡ ਦਾ ਮੈਂਬਰ ਅਤੇ ਇਸ ਵਿੱਚ ਇਸ ਦਾ ਚੇਅਰਮੈਨ ਸ਼ਾਮਲ ਹੈ;

(ਙ) "ਪ੍ਰਿੰਸੀਪਲ" ਦਾ ਮਤਲਬ ਹੈ ਕਾਲਜ ਦਾ ਮੁੱਖੀ (ਉਹ ਕਿਸੇ ਵੀ ਨਾਮ ਨਾਲ ਜਾਣਿਆ ਜਾਂਦਾ ਹੋਵੇ) ਅਤੇ ਇਸ ਵਿੱਚ ਜਦੋਂ ਕੋਈ ਪ੍ਰਿੰਸੀਪਲ ਨਾ ਹੋਵੇ, ਤਾਂ ਤੱਤਸਮੇਂ ਲਈ ਨਿਯਮਿਤ ਤੌਰ ਤੇ ਨਿਯੁਕਤ ਪ੍ਰਿੰਸੀਪਲ ਵਜੋਂ ਕੰਮ ਕਰ ਰਿਹਾ ਵਿਅਕਤੀ, ਅਤੇ ਪ੍ਰਿੰਸੀਪਲ ਜਾਂ ਕਾਰਜਕਾਰੀ ਪ੍ਰਿੰਸੀਪਲ ਦੀ ਗੈਰ-ਹਾਜ਼ਰੀ ਵਿੱਚ ਇਸ ਤਰ੍ਹਾਂ ਨਿਯਮਤ ਤੌਰ ਤੇ ਨਿਯੁਕਤ ਇੱਕ ਵਾਈਸ-ਪ੍ਰਿੰਸੀਪਲ, ਸ਼ਾਮਲ ਹੈ;

(ਚ) "ਰਜਿਸਟਰਾਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਛ) "ਵਿਨਿਯਮਾਂ" ਦਾ ਮਤਲਬ ਹੈ ਇਸ ਐਕਟ ਅਧੀਨ ਬਣਾਏ ਗਏ ਯੂਨੀਵਰਸਿਟੀ ਦੇ ਵਿਨਿਯਮ;

(ਜ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਝ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਞ) "ਪ੍ਰਵਿਧਾਨਾਂ" ਦਾ ਮਤਲਬ ਹੈ ਯੂਨੀਵਰਸਿਟੀ ਦੇ ਪ੍ਰਵਿਧਾਨ;

(ਟ) "ਤਕਨੀਕੀ ਸਿੱਖਿਆ" ਦਾ ਮਤਲਬ ਹੈ ਇੰਜੀਨੀਅਰਿੰਗ ਤਕਨਾਲੋਜੀ, ਵਿਗਿਆਨ ਪ੍ਰਬੰਧਨ, ਮਾਨਵਿਕੀ ਵਿਸ਼ੇ, ਦਵਾਖਾਨਾ, ਸਮਾਜਕ ਵਿਗਿਆਨ ਅਤੇ ਉਸਾਰੀ ਕਲਾ ਦੇ ਵਿਸ਼ਿਆਂ ਅਤੇ ਅਜਿਹੇ ਹੋਰ ਵਿਸ਼ਿਆਂ ਵਿੱਚ ਸਿੱਖਿਆ, ਜੋ ਰਾਜ ਸਰਕਾਰ ਦੁਆਰਾ ਸਮੇਂ ਸਮੇਂ ਤੇ ਉਚਿਤ ਸਮਝੇ ਜਾਣ;

(ਠ) ਯੂਨੀਵਰਸਿਟੀ" ਦਾ ਮਤਲਬ ਹੈ ਇਸ ਐਕਟ ਅਧੀਨ ਨਿਗਮਤ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ;

(ਡ) "ਵਾਈਸ-ਚੇਅਰਮੈਨ" ਦਾ ਮਤਲਬ ਹੈ ਬੋਰਡ ਦਾ ਵਾਈਸ-ਚੇਅਰਮੈਨ; ਅਤੇ

(ਢ) "ਵਾਈਸ-ਚਾਂਸਲਰ" ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ।

ਯੂਨੀਵਰਸਿਟੀ ਦਾ ਨਿਗਮਨ।

3. (1) ਯੂਨੀਵਰਸਿਟੀ ਦੇ ਪਹਿਲੇ ਚਾਂਸਲਰ ਅਤੇ ਪਹਿਲੇ ਵਾਈਸ-ਚਾਂਸਲਰ ਅਤੇ ਬੋਰਡ ਅਤੇ ਅਕਾਦਮਿਕ ਕੌਂਸਲ ਦੇ ਪਹਿਲੇ ਮੈਂਬਰ ਅਤੇ ਉਹ ਸਾਰੇ ਵਿਅਕਤੀ ਜੋ ਇਸ ਤੋਂ ਬਾਅਦ ਅਜਿਹੇ ਅਧਿਕਾਰੀ ਜਾਂ ਮੈਂਬਰ ਬਣ ਸਕਦੇ ਹਨ, ਜਦ ਤੱਕ ਕਿ ਉਹ ਅਜਿਹਾ ਅਹੁਦਾ ਜਾਂ ਮੈਂਬਰਸ਼ਿਪ ਧਾਰਨ ਕਰੀਂ ਰੱਖਦੇ ਹਨ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ ਦੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਗਠਤ ਕਰਨਗੇ।

(2) ਯੂਨੀਵਰਸਿਟੀ ਕੋਲ ਸਦੀਵੀ ਉਤਰਾਧਿਕਾਰ ਅਤੇ ਇੱਕ ਸਾਂਝੀ ਮੁਹਰ ਹੋਵੇਗੀ ਜਿਸ ਕੋਲ ਸੰਪੱਤੀ ਅਰਜਤ ਕਰਨ, ਧਾਰਨ ਕਰਨ ਅਤੇ ਨਿਪਟਾਰਾ ਕਰਨ ਅਤੇ ਮੁਆਇਦਾ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(3) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਬਠਿੰਡਾ ਵਿਖੇ ਹੋਵੇਗਾ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

4. ਯੂਨੀਵਰਸਿਟੀ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਤਕਨੀਕੀ ਸਿੱਖਿਆ ਪ੍ਰਦਾਨ ਕਰਨ, ਅਪਗ੍ਰੇਡ ਕਰਨ ਅਤੇ ਤਕਨੀਕੀ ਸਿੱਖਿਆ ਵਿੱਚ ਸਿਖਲਾਈ ਅਤੇ ਖੋਜ ਨੂੰ ਉਤਸ਼ਾਹਿਤ ਕਰਨ ਅਤੇ ਉਦਯੋਗ ਦੇ ਨਾਲ ਨੇੜਲੇ ਸਹਿਯੋਗ ਨਾਲ ਤਕਨੀਕੀ ਸਿੱਖਿਆ ਦੀ ਤਲਾਸ਼ ਲਈ ਸਹਾਈ ਵਾਤਾਵਰਣ ਸਿਰਜਣ ਲਈ ਉਪਬੰਧ ਕਰਨਾ;

(ਅ) ਮਸ਼ਵਰਾ ਸੇਵਾਵਾਂ, ਟੈਸਟਿੰਗ ਸੇਵਾਵਾਂ, ਨਿਰੰਤਰ ਸਿੱਖਿਆ ਪ੍ਰੋਗਰਾਮਾਂ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਹਿਯੋਗ ਅਤੇ ਬੌਧਿਕ ਸੰਪੱਤੀ ਅਧਿਕਾਰਾਂ ਦੇ ਇੰਤਕਾਲ ਰਾਹੀਂ ਵਸੀਲੇ ਪੈਦਾ ਕਰਨਾ ਅਤੇ ਕਾਇਮ ਰੱਖਣਾ;

(ੲ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਸੰਸਥਿਤ ਕਰਨਾ ਅਤੇ ਪ੍ਰਦਾਨ ਕਰਨਾ;

(ਸ) ਪ੍ਰੀਖਿਆਵਾਂ ਕਰਵਾਉਣਾ ਅਤੇ ਉਨ੍ਹਾਂ ਵਿਅਕਤੀਆਂ ਨੂੰ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਉਪਾਧੀਆਂ ਦੇਣਾ ਅਤੇ ਪ੍ਰਦਾਨ ਕਰਨਾ, ਜਿਨ੍ਹਾਂ ਨੇ-

(i) ਯੂਨੀਵਰਸਿਟੀ ਜਾਂ ਇਸ ਦੇ ਕਿਸੇ ਇੱਕ ਕਾਲਜ ਵਿੱਚ ਅਧਿਐਨ ਦਾ ਕੋਰਸ ਪੂਰਾ ਕੀਤਾ ਹੋਵੇਗਾ, ਜਦੋਂ ਤੱਕ ਉਨ੍ਹਾਂ ਨੂੰ ਵਿਨਿਯਮਾਂ ਦੁਆਰਾ ਮੁਕੱਰਰ ਤਰੀਕੇ ਨਾਲ ਇਸ ਤੋਂ ਛੋਟ

ਨਾ ਦਿੱਤੀ ਗਈ ਹੋਵੇ ਅਤੇ ਯੂਨੀਵਰਸਿਟੀ ਦੁਆਰਾ ਮੁਕੱਰਰ ਪ੍ਰੀਖਿਆਵਾਂ ਪਾਸ ਕੀਤੀਆਂ ਹੋਣਗੀਆਂ; ਅਤੇ

(ii) ਵਿਨਿਯਮਾਂ ਦੁਆਰਾ ਮੁਕੱਰਰ ਸ਼ਰਤਾਂ ਅਧੀਨ ਖੋਜ ਨੂੰ ਸਿਰੇ ਚਾੜ੍ਹਿਆ ਹੋਵੇਗਾ;

(ਹ) ਵਿਨਿਯਮਾਂ ਦੁਆਰਾ ਨਿਯਤ ਕੀਤੇ ਤਰੀਕੇ ਨਾਲ ਮਾਨਅਰਥ ਡਿਗਰੀਆਂ ਪ੍ਰਦਾਨ ਕਰਨਾ;

(ਕ) ਯੂਨੀਵਰਸਿਟੀ ਦੁਆਰਾ ਲੋੜੀਂਦੀਆਂ ਪ੍ਰੋਫ਼ੈਸਰਸ਼ਿਪਾਂ, ਰੀਡਰਸ਼ਿਪਾਂ, ਲੈਕਚਰਸ਼ਿਪਾਂ ਅਤੇ ਹੋਰ ਕੋਈ ਵੀ ਅਧਿਆਪਨ ਆਸਾਮੀਆਂ ਸੰਸਥਿਤ ਕਰਨਾ ਅਤੇ ਅਜਿਹੀਆਂ ਪ੍ਰੋਫ਼ੈਸਰਸ਼ਿਪਾਂ, ਰੀਡਰਸ਼ਿਪਾਂ, ਲੈਕਚਰਸ਼ਿਪਾਂ ਅਤੇ ਹੋਰ ਆਸਾਮੀਆਂ ਤੇ ਵਿਅਕਤੀਆਂ ਨੂੰ ਨਿਯੁਕਤ ਕਰਨਾ;

(ਖ) ਵਿਨਿਯਮਾਂ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਫ਼ੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜ਼ੀਫ਼ੇ, ਵਜ਼ੀਫ਼ੇ ਅਤੇ ਇਨਾਮਾਂ ਨੂੰ ਸੰਸਥਿਤ ਕਰਨਾ ਅਤੇ ਦੇਣਾ;

(ਗ) ਵੱਡੇ ਕਮਰਿਆਂ ਅਤੇ ਹੋਸਟਲਾਂ ਨੂੰ ਸੰਸਥਿਤ ਕਰਨਾ ਅਤੇ ਕਾਇਮ ਰੱਖਣਾ;

(ਘ) ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਰਿਹਾਇਸ਼ ਅਤੇ ਅਨੁਸ਼ਾਸਨ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ ਅਤੇ ਉਨ੍ਹਾਂ ਦੀ ਸਿਹਤ ਅਤੇ ਆਮ ਭਲਾਈ ਨੂੰ ਉਤਸ਼ਾਹਿਤ ਕਰਨ ਲਈ ਵਿਵਸਥਾ ਕਰਨੀ;

(ਙ) ਪ੍ਰਯੋਗਸ਼ਾਲਾਵਾਂ, ਲਾਇਬ੍ਰੇਰੀਆਂ, ਅਜਾਇਬ ਘਰਾਂ ਨੂੰ ਸੰਗਠਤ ਕਰਨਾ ਅਤੇ ਅਧਿਆਪਨ ਅਤੇ ਖੋਜ ਲਈ ਲੋੜੀਂਦੇ ਅਜਿਹੇ ਹੋਰ ਸਾਜ਼-ਸਮਾਨ ਦਾ ਉਪਬੰਧ ਕਰਨਾ;

(ਚ) ਅਜਿਹੀਆਂ ਫ਼ੀਸਾਂ ਅਤੇ ਹੋਰ ਖ਼ਰਚਿਆਂ ਦੀ ਮੰਗ ਕਰਨਾ ਅਤੇ ਪ੍ਰਾਪਤ ਕਰਨਾ, ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ;

(ਛ) ਟਰੱਸਟਾਂ ਅਤੇ ਇੰਡੋਮੈਂਟਾਂ ਨੂੰ ਧਾਰਨ ਕਰਨਾ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ ਜੋ ਯੂਨੀਵਰਸਿਟੀ ਦੇ ਪੱਖ ਵਿੱਚ ਸਿਰਜੇ ਜਾਣ;

(ਜ) (i) ਛਪਾਈ ਅਤੇ ਪ੍ਰਕਾਸ਼ਨ ਵਿਭਾਗ;

(ii) ਯੂਨੀਵਰਸਿਟੀ ਵਿਸਤਾਰ ਬੋਰਡ;

(iii) ਸੂਚਨਾ ਬਿਊਰੋ; ਅਤੇ

(iv) ਰੁਜ਼ਗਾਰ ਬਿਊਰੋ,

ਨੂੰ ਸੰਸਥਿਤ ਕਰਨਾ ਅਤੇ ਉਨ੍ਹਾਂ ਦਾ ਪ੍ਰਬੰਧ ਕਰਨਾ;

(ਝ) ਵਿੱਦਿਅਕ ਤੌਰ ਤੇ ਪੱਛੜੇ ਵਰਗਾਂ ਅਤੇ ਫ਼ਿਰਕਿਆਂ ਵਿਚਕਾਰ ਤਕਨੀਕੀ ਸਿੱਖਿਆ ਦੇ ਪ੍ਰਸਾਰ ਲਈ ਵਿਸ਼ੇਸ਼ ਉਪਬੰਧ ਕਰਨੇ;

(ਞ) (i) ਨੈਸ਼ਨਲ ਕੈਡੇਟ ਕੋਰ ਜਾਂ ਹੋਰ ਉਹੋ ਜਿਹੇ ਸੰਗਠਨਾਂ ਦੀ ਦੇਖਭਾਲ;

(ii) ਸਰੀਰਕ ਅਤੇ ਸੈਨਿਕ ਸਿਖਲਾਈ; ਅਤੇ

(iii) ਖੇਡਾਂ ਅਤੇ ਐਥਲੈਟਿਕ ਕਲੱਬਾਂ;

ਲਈ ਉਪਬੰਧ ਕਰਨੇ;

(ਟ) ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(ਠ) ਰਾਜ ਸਰਕਾਰ ਜਾਂ ਕੇਂਦਰੀ ਸਰਕਾਰ ਤੋਂ ਤੋਹਫ਼ੇ, ਦਾਨ ਜਾਂ ਪੁੰਨ-ਅਰਥ ਦਾਨ ਪ੍ਰਾਪਤ ਕਰਨਾ ਅਤੇ ਵਸੀਅਤਕਾਰਾਂ, ਹਿੱਬਾਕਾਰਾਂ ਜਾਂ ਇੰਤਕਾਲਕਾਰਾਂ ਤੋਂ, ਜਿਹੀ ਕਿ ਸੂਰਤ ਹੋਵੇ, ਚੁੱਕਵੀਂ ਅਤੇ ਅਚੁੱਕਵੀਂ ਸੰਪੱਤੀ ਦੇ ਵਸੀਅਤੀ ਵਿਰਸੇ, ਦਾਨ ਅਤੇ ਇੰਤਕਾਲ ਪ੍ਰਾਪਤ ਕਰਨਾ; ਅਤੇ

(ਡ) ਅਜਿਹੇ ਸਾਰੇ ਹੋਰ ਕਾਰਜ ਕਰਨਾ ਭਾਵੇਂ ਉਪਰੋਕਤ ਸ਼ਕਤੀਆਂ ਦੇ ਅਨੁਸੰਗਕ ਹੋਣ ਜਾਂ ਨਾ ਹੋਣ ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਲੋੜੀਂਦੇ ਹੋਣ।

ਸ਼ਕਤੀਆਂ ਦੀ ਰਾਜ-ਖੇਤਰੀ ਵਰਤੋਂ।

5. (1) ਉਹ ਰਾਜ-ਖੇਤਰੀ ਸੀਮਾਵਾਂ ਜਿਨ੍ਹਾਂ ਵਿੱਚ ਯੂਨੀਵਰਸਿਟੀ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਆਪਣੇ ਕਰਤੱਵ ਨਿਭਾਏਗੀ, ਪੰਜਾਬ ਰਾਜ ਦੇ ਬਠਿੰਡਾ, ਬਰਨਾਲਾ, ਫਰੀਦਕੋਟ, ਫਤਿਹਗੜ੍ਹ ਸਾਹਿਬ, ਫਾਜ਼ਿਲਕਾ, ਫਿਰੋਜ਼ਪੁਰ, ਮਾਨਸਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ ਅਤੇ ਸੰਗਰੂਰ ਜ਼ਿਲ੍ਹੇ ਅਤੇ ਪੰਜਾਬ ਰਾਜ ਤੋਂ ਬਾਹਰਲੇ ਹੋਰ ਖੇਤਰ ਹੋਣਗੇ, ਜਿਵੇਂ ਬੋਰਡ ਦੁਆਰਾ ਸਮੇਂ ਸਮੇਂ ਤੇ ਸੁਸੰਗਤ ਵਿਨਿਯਮਾਂ ਅਤੇ ਪ੍ਰਵਿਧਾਨਾਂ ਦੇ ਤਾਬੇ ਫ਼ੈਸਲਾ ਕੀਤਾ ਜਾਵੇ।

(2) ਤੱਤਸਮੇਂ ਨਾਫ਼ਜ਼ ਕਿਸੇ ਹੋਰ ਕਾਨੂੰਨ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਯੂਨੀਵਰਸਿਟੀ ਦੀਆਂ ਰਾਜ-ਖੇਤਰੀ ਸੀਮਾਵਾਂ ਦੇ ਅਧੀਨ ਆਉਣ ਵਾਲੇ ਕਾਲਜਾਂ ਨੂੰ ਆਪਣੇ ਵਿਕਲਪ ਦੀ ਯੂਨੀਵਰਸਿਟੀ ਅਰਥਾਤ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਜਾਂ ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ ਨਾਲ ਸੰਬੱਧਤ ਹੋਣ ਲਈ ਇੱਕ-ਵਾਰ ਵਿਕਲਪ ਦਿੱਤਾ ਜਾਵੇਗਾ। ਅਜਿਹਾ ਇੱਕ-ਵਾਰ ਦਾ ਵਿਕਲਪ ਸੰਬੱਧਤ ਕਾਲਜ ਦੁਆਰਾ ਇਸ ਐਕਟ ਦੇ ਪ੍ਰਕਾਸ਼ਨ ਦੀ ਤਰੀਕ ਤੋਂ ਛੇ ਮਹੀਨੇ ਦੀ ਮੁੱਦਤ ਦੇ ਅੰਦਰ ਵਰਤਿਆ ਜਾ ਸਕੇਗਾ। ਹਾਲਾਂਕਿ, ਇਸ ਐਕਟ ਦੇ ਪ੍ਰਕਾਸ਼ਨ ਦੀ ਤਰੀਕ ਨੂੰ ਜਾਂ ਬਾਅਦ ਵਿੱਚ ਉਪ-ਧਾਰਾ (1) ਵਿੱਚ ਉਲਿਖਤ ਕੀਤੀਆਂ ਗਈਆਂ ਰਾਜ-ਖੇਤਰੀ

ਸੀਮਾਵਾਂ ਦੇ ਅੰਦਰ ਸਥਾਪਤ ਕੀਤੇ ਗਏ ਨਵੇਂ ਕਾਲਜ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ ਨਾਲ ਸੰਬੱਧਤ ਹੋਣਗੇ:

ਪਰੰਤੂ ਅਜਿਹੇ ਸਾਰੇ ਵਿਦਿਆਰਥੀ, ਜਿਨ੍ਹਾਂ ਨੂੰ ਯੂਨੀਵਰਸਿਟੀ ਨਾਲ ਸੰਬੱਧਤ ਕਿਸੇ ਕਾਲਜ ਵਿੱਚ ਅਕਾਦਮਿਕ ਸੈਸ਼ਨ 2015-16 ਦੌਰਾਨ ਦਾਖ਼ਲਾ ਦਿੱਤਾ ਗਿਆ ਸੀ, ਉਹ ਮੌਜੂਦਾ ਕਾਲਜ ਵਿੱਚ ਅਧਿਐਨ ਜਾਰੀ ਰੱਖ ਕੇ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਵਿੱਚ ਕਿਸੇ ਵੀ ਡਿਗਰੀ ਜਾਂ ਡਿਪਲੋਮਾ ਪ੍ਰੀਖਿਆ ਲਈ ਅਧਿਐਨ ਕਰਨ ਦੇ ਆਪਣੇ ਵਿਕਲਪ ਦੀ ਵਰਤੋਂ ਕਰ ਸਕਦੇ ਹਨ ਅਤੇ ਉਸ ਸੂਰਤ ਵਿੱਚ, ਡਿਗਰੀ ਜਾਂ ਡਿਪਲੋਮਾ ਆਈ.ਕੇ. ਗੁਜਰਾਲ ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ ਦੁਆਰਾ ਪ੍ਰਦਾਨ ਕੀਤਾ ਜਾਵੇਗਾ।

ਯੂਨੀਵਰਸਿਟੀ ਦਾ ਧਰਮ, ਨਸਲ, ਜਾਤ, ਲਿੰਗ ਜਾਂ ਜਨਮ ਸਥਾਨ ਦੇ ਬਿਨ੍ਹਾਂ ਲਿਹਾਜ਼ ਸਾਰਿਆਂ ਲਈ ਖੁੱਲ੍ਹੀ ਹੋਣਾ।

6. (1) ਕਿਸੇ ਵਿਅਕਤੀ ਨੂੰ ਧਰਮ, ਨਸਲ, ਜਾਤ, ਲਿੰਗ, ਜਨਮ ਸਥਾਨ ਜਾਂ ਇਨ੍ਹਾਂ ਵਿੱਚੋਂ ਕਿਸੇ ਵੀ ਆਧਾਰ ਤੇ ਯੂਨੀਵਰਸਿਟੀ ਦੇ ਕਿਸੇ ਵੀ ਅਹੁਦੇ ਤੋਂ ਜਾਂ ਇਸ ਦੀਆਂ ਕਿਸੇ ਵੀ ਅਥਾਰਟੀਆਂ ਦੀ ਮੈਂਬਰਸ਼ਿਪ ਤੋਂ ਜਾਂ ਕਿਸੇ ਡਿਗਰੀ, ਡਿਪਲੋਮਾ ਜਾਂ ਹੋਰ ਅਕਾਦਮਿਕ ਉਪਾਧੀਆਂ ਜਾਂ ਅਧਿਐਨ ਦੇ ਕੋਰਸ ਵਿੱਚ ਦਾਖ਼ਲੇ ਤੋਂ ਬਾਹਰ ਨਹੀਂ ਰੱਖਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਕਿਸੇ ਵੀ ਕਾਲਜ ਨੂੰ ਕੇਵਲ ਔਰਤਾਂ ਲਈ ਜਾਂ ਤਾਂ ਵਿੱਦਿਆ, ਸਿੱਖਿਆ-ਦੀਖਿਆ ਜਾਂ ਰਿਹਾਇਸ਼ ਲਈ ਰੱਖ ਸਕਦੀ ਹੈ ਜਾਂ ਕਿਸੇ ਵੀ ਕਾਲਜ ਵਿੱਚ ਵਿਦਿਆਰਥੀਆਂ ਵਜੋਂ ਦਾਖ਼ਲੇ ਦੇ ਪ੍ਰਯੋਜਨਾਂ ਲਈ ਔਰਤਾਂ ਜਾਂ ਵਿੱਦਿਅਕ ਤੌਰ ਤੇ ਪੱਛੜੇ ਵਰਗਾਂ ਅਤੇ ਫ਼ਿਰਕਿਆਂ ਦੇ ਮੈਂਬਰਾਂ ਲਈ ਰਾਖਵਾਂ ਰੱਖ ਸਕਦੀ ਹੈ।

(2) ਕਿਸੇ ਵੀ ਵਿਅਕਤੀ ਨੂੰ ਯੂਨੀਵਰਸਿਟੀ ਵਿੱਚ ਕੋਈ ਅਸਾਮੀ ਜਾਂ ਕੋਈ ਅਹੁਦਾ ਧਾਰਨ ਕਰਨ ਜਾਂ ਯੂਨੀਵਰਸਿਟੀ ਦੇ ਕਿਸੇ ਵੀ ਵਿਸ਼ੇਸ਼ ਅਧਿਕਾਰਾਂ ਜਾਂ ਉਸ ਦੇ ਪੁੰਨ-ਅਰਥ-ਦਾਨ ਦਾ ਆਨੰਦ ਲੈਣ ਜਾਂ ਵਰਤੋਂ ਕਰਨ ਦਾ ਹੱਕਦਾਰ ਬਣਾਉਣ ਲਈ ਯੂਨੀਵਰਸਿਟੀ ਲਈ ਇਹ ਕਾਨੂੰਨ-ਪੂਰਨ ਨਹੀਂ ਹੋਵੇਗਾ ਕਿ ਉਹ ਕਿਸੇ ਵੀ ਵਿਅਕਤੀ ਤੇ ਧਰਮ, ਨਸਲ, ਜਾਤ, ਲਿੰਗ, ਜਨਮ ਸਥਾਨ ਸਬੰਧੀ ਕੋਈ ਟੈਸਟ ਅਰੋਪੇ।

ਯੂਨੀਵਰਸਿਟੀ ਦੇ ਅਧਿਕਾਰੀ।

7. ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਚਾਂਸਲਰ;

(ii) ਵਾਈਸ-ਚਾਂਸਲਰ;

(iii) ਰਜਿਸਟਰਾਰ; ਅਤੇ

(iv) ਯੂਨੀਵਰਸਿਟੀ ਦੀ ਸੇਵਾ ਵਿੱਚ ਅਜਿਹੇ ਹੋਰ ਵਿਅਕਤੀ, ਜੋ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨੇ ਜਾਣ।

ਅਧਿਕਾਰੀਆਂ ਦੀ ਨਿਯੁਕਤੀ, ਸ਼ਕਤੀਆਂ ਅਤੇ ਕਰਤੱਵ, ਉਨ੍ਹਾਂ ਦੇ ਅਹੁਦੇ ਦੀ ਅਉਧ ਆਦਿ।

8. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਬਿਨ੍ਹਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਸ਼ਕਤੀਆਂ

ਅਤੇ ਕਰਤੱਵ, ਉਹ ਅਉਧ ਜਿਸ ਲਈ ਉਹ ਅਹੁਦਾ ਧਾਰਨ ਕਰਨਗੇ ਅਤੇ ਅਜਿਹੇ ਅਹੁਦਿਆਂ ਵਿੱਚ ਇਤਫ਼ਾਕੀਆ ਖ਼ਾਲੀ ਥਾਂ ਨੂੰ ਭਰਨਾ ਵਿਨਿਯਮਾਂ ਦੁਆਰਾ ਉਪਬੰਧਤ ਕੀਤਾ ਜਾਵੇਗਾ।

(2) ਚਾਂਸਲਰ, ਵਾਈਸ-ਚਾਂਸਲਰ ਅਤੇ ਰਜਿਸਟਰਾਰ ਤੋਂ ਬਿਨ੍ਹਾਂ ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਨਿਯੁਕਤੀ ਦੀ ਵਿਧੀ, ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਕਾਜਕਾਰ, ਵਿਨਿਯਮਾਂ ਦੁਆਰਾ ਮੁਕੱਰਰ ਕੀਤੇ ਜਾਣਗੇ, ਜਿੱਥੋਂ ਤੱਕ ਉਹ ਇੱਥੇ ਉਪਬੰਧਤ ਨਹੀਂ ਕੀਤੇ ਗਏ ਹਨ।

9. ਪੰਜਾਬ ਦਾ ਰਾਜਪਾਲ ਚਾਂਸਲਰ ਹੋਵੇਗਾ। ਚਾਂਸਲਰ।

10. (1) ਵਾਈਸ-ਚਾਂਸਲਰ, ਚਾਂਸਲਰ ਦੁਆਰਾ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੀਆਂ ਸੇਧਾਂ ਅਨੁਸਾਰ ਰਾਜ ਸਰਕਾਰ ਦੀ ਸਲਾਹ ਤੇ ਰਾਜ ਸਰਕਾਰ ਦੁਆਰਾ ਅਧਿਸੂਚਿਤ ਕੀਤੀ ਜਾਣ ਵਾਲੀ ਖੋਜ ਕਮੇਟੀ ਰਾਹੀਂ ਬੋਰਡ ਦੁਆਰਾ ਸਿਫ਼ਾਰਸ਼ ਕੀਤੇ ਗਏ ਵਿਅਕਤੀਆਂ ਦੇ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ। ਇਸ ਕਮੇਟੀ ਦੇ ਮੈਂਬਰ ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣਗੇ: ਵਾਈਸ-ਚਾਂਸਲਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ।

ਪਰੰਤੂ ਪਹਿਲਾ ਵਾਈਸ-ਚਾਂਸਲਰ ਰਾਜ ਸਰਕਾਰ ਦੁਆਰਾ ਯੂਨੀਵਰਸਿਟੀ ਦੇ ਰੋਜ਼ਾਨਾ ਦੇ ਕਾਰ-ਵਿਹਾਰਾਂ ਦਾ ਪ੍ਰਬੰਧ ਕਰਨ ਲਈ ਤਿੰਨ ਸਾਲਾਂ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ।

(2) ਵਾਈਸ-ਚਾਂਸਲਰ ਤਿੰਨ ਸਾਲਾਂ ਦੀ ਅਉਧ ਲਈ ਅਹੁਦਾ ਧਾਰਨ ਕਰੇਗਾ, ਜਿਸ ਨੂੰ ਚਾਂਸਲਰ ਦੁਆਰਾ ਬੋਰਡ ਦੀ ਸਲਾਹ ਅਤੇ ਸਿਫ਼ਾਰਸ਼ਾਂ ਤੇ ਤਿੰਨ ਸਾਲਾਂ ਦੀ ਹੋਰ ਮੁੱਦਤ ਲਈ ਵਧਾਇਆ ਜਾ ਸਕੇਗਾ।

(3) ਚਾਂਸਲਰ, ਵਾਈਸ-ਚਾਂਸਲਰ ਦੇ ਮਿਹਨਤਾਨੇ ਦੀ ਰਕਮ ਅਤੇ ਸੇਵਾ ਦੀਆਂ ਹੋਰ ਸ਼ਰਤਾਂ ਨਿਰਧਾਰਤ ਕਰੇਗਾ:

ਪਰੰਤੂ ਅਜਿਹੇ ਨਿਬੰਧਨ ਅਤੇ ਸ਼ਰਤਾਂ ਨੂੰ ਵਾਈਸ-ਚਾਂਸਲਰ ਦੇ ਅਹੁਦੇ ਦੀ ਅਉਧ ਦੌਰਾਨ ਅਲਾਭ ਲਈ ਨਹੀਂ ਬਦਲਿਆ ਜਾਵੇਗਾ।

(4) ਵਾਈਸ-ਚਾਂਸਲਰ ਦੀ ਬਿਮਾਰੀ, ਗੈਰ-ਹਾਜ਼ਰੀ ਜਾਂ ਛੁੱਟੀ ਦੀ ਸੂਰਤ ਵਿੱਚ ਜਾਂ ਕਿਸੇ ਹੋਰ ਅਚਾਨਕਤਾ ਵਿੱਚ, ਫੈਕਲਟੀਆਂ ਦਾ ਸਭ ਤੋਂ ਸੀਨੀਅਰ ਡੀਨ ਵਾਈਸ-ਚਾਂਸਲਰ ਵਜੋਂ ਕੰਮ ਕਰੇਗਾ।

(5) ਵਾਈਸ-ਚਾਂਸਲਰ ਯੂਨੀਵਰਸਿਟੀ ਦਾ ਮੁੱਖ ਕਾਰਜਕਾਰੀ ਅਤੇ ਅਕਾਦਮਿਕ ਅਧਿਕਾਰੀ ਹੋਵੇਗਾ ਅਤੇ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਇਸ ਦੇ ਕਾਰ-ਵਿਹਾਰਾਂ ਉੱਤੇ ਆਮ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਪ੍ਰਭਾਵੀ ਬਣਾਏਗਾ।

(6) ਵਾਈਸ-ਚਾਂਸਲਰ ਕੋਲ ਅਕਾਦਮਿਕ ਕੌਂਸਲ ਦੀਆਂ ਇਕੱਤਰਤਾਵਾਂ ਬੁਲਾਉਣ ਦੀ ਸ਼ਕਤੀ ਹੋਵੇਗੀ।

(7) ਵਾਈਸ-ਚਾਂਸਲਰ ਦਾ ਇਹ ਕਰਤੱਵ ਹੋਵੇਗਾ ਕਿ ਉਹ ਇਹ ਸੁਨਿਸ਼ਚਿਤ ਕਰੇ ਕਿ ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੀ ਵਫ਼ਾਦਾਰੀ ਨਾਲ ਪਾਲਣਾ ਕੀਤੀ ਜਾਂਦੀ ਹੈ ਅਤੇ ਉਸ ਕੋਲ ਇਸ ਪ੍ਰਯੋਜਨ ਲਈ ਜ਼ਰੂਰੀ ਸਾਰੀਆਂ ਸ਼ਕਤੀਆਂ ਹੋਣਗੀਆਂ।

(8) ਜੇ, ਵਾਈਸ-ਚਾਂਸਲਰ ਦੀ ਰਾਏ ਵਿੱਚ, ਇੱਕ ਸੰਕਟਕਾਲ ਪੈਦਾ ਹੋ ਗਿਆ ਹੈ ਜਿਸ ਲਈ ਤੁਰੰਤ ਕਾਰਵਾਈ ਕਰਨੀ ਲੋੜੀਂਦੀ ਹੈ, ਤਾਂ ਵਾਈਸ-ਚਾਂਸਲਰ ਚੇਅਰਮੈਨ ਦੀ ਪ੍ਰਵਾਨਗੀ ਨਾਲ ਅਜਿਹੀ ਕਾਰਵਾਈ ਕਰੇਗਾ ਜੋ ਉਹ ਜ਼ਰੂਰੀ ਸਮਝੇ ਅਤੇ ਅਗਲੀ ਇਕੱਤਰਤਾ ਵਿੱਚ ਪੁਸ਼ਟੀ ਲਈ ਉਸ ਦੀ ਰਿਪੋਟ ਅਥਾਰਟੀ ਨੂੰ ਕਰੇਗਾ, ਜਿਸ ਵੱਲੋਂ ਸਾਧਾਰਨ ਅਨੁਕ੍ਰਮ ਤੇ ਇਸ ਮਾਮਲੇ ਨਾਲ ਨਜਿੱਠਿਆ ਜਾਣਾ ਸੀ:

ਪਰੰਤੂ ਜਿੱਥੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਅਜਿਹੀ ਕੋਈ ਕਾਰਵਾਈ ਸਬੰਧਤ ਅਥਾਰਟੀ ਦੁਆਰਾ ਪ੍ਰਵਾਨਤ ਨਹੀਂ ਹੈ, ਤਾਂ ਉਹ ਉਸ ਮਾਮਲੇ ਨੂੰ ਚਾਂਸਲਰ ਨੂੰ ਭੇਜ ਸਕੇਗਾ, ਜਿਸ ਤੇ ਉਸ ਦਾ ਫ਼ੈਸਲਾ ਅੰਤਮ ਹੋਵੇਗਾ:

ਪਰੰਤੂ ਇਹ ਹੋਰ ਕਿ ਜਿੱਥੇ ਵਾਈਸ-ਚਾਂਸਲਰ ਦੁਆਰਾ ਕੀਤੀ ਗਈ ਅਜਿਹੀ ਕੋਈ ਕਾਰਵਾਈ ਯੂਨੀਵਰਸਿਟੀ ਦੀ ਸੇਵਾ ਵਿੱਚ ਕਿਸੇ ਵਿਅਕਤੀ ਨੂੰ ਪ੍ਰਭਾਵਤ ਕਰਦੀ ਹੈ, ਤਾਂ ਅਜਿਹਾ ਵਿਅਕਤੀ ਅਜਿਹੀ ਕਾਰਵਾਈ ਦਾ ਨੋਟਿਸ ਪ੍ਰਾਪਤ ਹੋਣ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਦੇ ਅੰਦਰ ਬੋਰਡ ਨੂੰ ਅਪੀਲ ਕਰਨ ਦਾ ਹੱਕਦਾਰ ਹੋਵੇਗਾ।

ਰਜਿਸਟਰਾਰ ਦੀ ਨਿਯੁਕਤੀ, ਸ਼ਕਤੀਆਂ, ਕਰਤੱਵ ਅਤੇ ਸੇਵਾ ਦੀਆਂ ਸ਼ਰਤਾਂ।

11. (1) ਰਜਿਸਟਰਾਰ ਨੂੰ ਬੋਰਡ ਦੁਆਰਾ ਵਾਈਸ-ਚਾਂਸਲਰ ਦੀਆਂ ਸਿਫ਼ਾਰਸ਼ਾਂ ਤੇ ਤਿੰਨ ਸਾਲਾਂ ਦੀ ਮੁੱਦਤ ਲਈ ਨਿਯੁਕਤ ਕੀਤਾ ਜਾਵੇਗਾ, ਜਿਸ ਨੂੰ ਤਿੰਨ ਸਾਲਾਂ ਦੀ ਇੱਕ ਹੋਰ ਅਉਧ ਲਈ ਵਧਾਇਆ ਜਾ ਸਕੇਗਾ।

(2) ਰਜਿਸਟਰਾਰ ਦੀ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਅਜਿਹੀਆਂ ਹੋਣਗੀਆਂ, ਜਿਵੇਂ ਬੋਰਡ ਦੁਆਰਾ ਨਿਰਧਾਰਤ ਕੀਤੀਆਂ ਜਾਣ।

(3) ਰਜਿਸਟਰਾਰ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਅਹੁਦੇ-ਕਾਰਨ ਸਕੱਤਰ ਹੋਵੇਗਾ।

(4) ਰਜਿਸਟਰਾਰ ਦਾ ਇਹ ਕਰਤੱਵ ਹੋਵੇਗਾ ਕਿ ਉਹ,-

(ੳ) ਯੂਨੀਵਰਸਿਟੀ ਦੇ ਰਿਕਾਰਡ, ਸਾਂਝੀ ਮੁਹਰ ਅਤੇ ਅਜਿਹੀ ਹੋਰ ਸੰਪੱਤੀ ਦਾ ਸਪੁਰਦਾਰ ਹੋਵੇ ਜੋ ਬੋਰਡ ਉਸ ਦੇ ਚਾਰਜ ਵਿੱਚ ਸੌਂਪੇ;

(ਅ) ਬੋਰਡ ਅਤੇ ਅਕਾਦਮਿਕ ਕੌਂਸਲ ਦੀਆਂ ਸਾਰੀਆਂ ਇਕੱਤਰਤਾਵਾਂ ਦੀ ਕਾਰਵਾਈ ਰਿਪੋਟ ਰੱਖੇ;

(ੲ) ਬੋਰਡ ਅਤੇ ਅਕਾਦਮਿਕ ਕੌਂਸਲ ਦੇ ਸਰਕਾਰੀ ਪੱਤਰ-ਵਿਹਾਰ ਦਾ ਸੰਚਾਲਣ ਕਰੇ;

(ਸ) ਯੂਨੀਵਰਸਿਟੀ ਦੀ ਪ੍ਰੀਖਿਆ ਲਈ ਪ੍ਰਬੰਧ ਅਤੇ ਉਸ ਦੀ ਨਿਗਰਾਨੀ ਕਰੇ;

(ਹ) ਚਾਂਸਲਰ ਨੂੰ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੇ ਏਜੰਡੇ ਦੀਆਂ ਨਕਲਾਂ ਜਿਉਂ ਹੀ ਉਹ ਜਾਰੀ ਕੀਤੀਆਂ ਜਾਂਦੀਆਂ ਹਨ, ਅਤੇ ਅਥਾਰਟੀਆਂ ਦੀਆਂ ਇਕੱਤਰਤਾਵਾਂ ਦੀ ਕਾਰਵਾਈ ਸਾਧਾਰਨ ਤੌਰ ਤੇ ਇਕੱਤਰਤਾਵਾਂ ਹੋਣ ਤੋਂ ਇੱਕ ਮਹੀਨੇ ਦੀ ਮੁੱਦਤ ਅੰਦਰ ਸਪਲਾਈ ਕਰੇ; ਅਤੇ

(ਕ) ਅਜਿਹੇ ਹੋਰ ਕਰਤੱਵ ਨਿਭਾਵੇ ਜੋ ਸਮੇਂ ਸਮੇਂ ਤੇ ਵਾਈਸ-ਚਾਂਸਲਰ ਜਾਂ ਬੋਰਡ ਦੁਆਰਾ ਉਸ ਨੂੰ ਸੌਂਪੇ ਜਾਣ।

12. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:- ਯੂਨੀਵਰਸਿਟੀ ਦੀਆਂ ਅਥਾਰਟੀਆਂ।

(i) ਗਵਰਨਰਾਂ ਦਾ ਬੋਰਡ;

(ii) ਅਕਾਦਮਿਕ ਕੌਂਸਲ;

(iii) ਫੈਕਲਟੀਆਂ;

(iv) ਅਧਿਐਨ ਬੋਰਡ; ਅਤੇ

(v) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਵਿਨਿਯਮਾਂ ਦੁਆਰਾ ਐਲਾਨੀਆਂ ਜਾਣ।

13. (1) ਬੋਰਡ ਇੱਕ ਚੇਅਰਮੈਨ, ਇੱਕ ਵਾਈਸ-ਚੇਅਰਮੈਨ, ਸੱਤ ਅਹੁਦੇ-ਕਾਰਨ ਮੈਂਬਰਾਂ ਅਤੇ ਛੇ ਨਾਮਜ਼ਦ ਮੈਂਬਰਾਂ ਤੋਂ ਮਿਲ ਕੇ ਬਣੇਗਾ। ਗਵਰਨਰਾਂ ਦੇ ਬੋਰਡ ਦਾ ਗਠਨ।

(2) (ੳ) ਚੇਅਰਮੈਨ ਨੂੰ ਚਾਂਸਲਰ ਦੁਆਰਾ ਰਾਜ ਸਰਕਾਰ ਦੀ ਸਲਾਹ ਤੇ ਇੱਕ ਪਾਰਦਰਸ਼ੀ ਜਾਂਚ ਪ੍ਰਕਿਰਿਆ ਰਾਹੀਂ ਉਦਯੋਗ, ਤਕਨਾਲੋਜੀ ਜਾਂ ਤਕਨੀਕੀ ਸਿੱਖਿਆ ਦੇ ਖੇਤਰ ਵਿੱਚ ਰਾਸ਼ਟਰੀ ਪ੍ਰਸਿੱਧੀ ਵਾਲੇ ਵਿਅਕਤੀਆਂ ਦੇ ਤਿਆਰ ਕੀਤੇ ਇੱਕ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ।

(ਅ) ਜਦੋਂ ਚੇਅਰਮੈਨ ਦੀ ਆਸਾਮੀ ਖਾਲੀ ਹੋ ਜਾਂਦੀ ਹੈ, ਤਾਂ ਉਪ-ਚੇਅਰਮੈਨ ਨਵੇਂ ਚੇਅਰਮੈਨ ਦੀ ਨਿਯੁਕਤੀ ਤੱਕ ਚੇਅਰਮੈਨ ਵਜੋਂ ਕਾਰਜ ਕਰੇਗਾ।

(ੲ) ਚੇਅਰਮੈਨ ਨੂੰ ਰਾਜ ਸਰਕਾਰ ਦੁਆਰਾ ਅਹੁਦੇ ਤੋਂ ਹਟਾਇਆ ਜਾ ਸਕੇਗਾ, ਜੇ,-

(i) ਉਹ ਜਾਣਬੁੱਝ ਕੇ ਇਸ ਐਕਟ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਤੋਂ ਇਨਕਾਰ ਕਰਦਾ ਹੈ; ਜਾਂ

(ii) ਉਹ ਆਪਣੇ ਵਿੱਚ ਨਿਹਿਤ ਸ਼ਕਤੀਆਂ ਦੀ ਦੁਰਵਰਤੋਂ ਕਰਦਾ ਹੈ; ਜਾਂ

(iii) ਉਸ ਨੂੰ ਦੀਵਾਲੀਆ ਨਿਆਂ-ਨਿਰਣਿਤ ਕੀਤਾ ਜਾਂਦਾ ਹੈ; ਜਾਂ

(iv) ਉਸ ਨੂੰ ਕਿਸੇ ਅਦਾਲਤ ਦੁਆਰਾ ਸਦਾਚਾਰਕ ਗਿਰਾਵਟ ਵਾਲੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਜਾਂਦਾ ਹੈ; ਜਾਂ

(v) ਰਾਜ ਸਰਕਾਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਦਾ ਅਹੁਦੇ ਤੇ ਬਣੇ ਰਹਿਣਾ ਜਨਤਕ ਹਿੱਤਾਂ ਲਈ ਹਾਨੀਕਾਰਕ ਹੈ:

ਪਰੰਤੂ ਇਸ ਉਪ-ਧਾਰਾ ਅਧੀਨ ਹਟਾਉਣ ਦਾ ਕੋਈ ਵੀ ਹੁਕਮ ਉਸ ਨੂੰ ਸੁਣਵਾਈ ਦਾ ਵਾਜਬ ਮੌਕਾ ਦਿੱਤੇ ਬਿਨਾਂ ਅਤੇ ਇਸ ਦੇ ਕਾਰਨ ਦਰਜ ਕੀਤੇ ਬਿਨ੍ਹਾਂ ਪਾਸ ਨਹੀਂ ਕੀਤਾ ਜਾਵੇਗਾ।

(3) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਵਾਈਸ-ਚੇਅਰਮੈਨ ਹੋਵੇਗਾ।

(4) (ੳ) ਚੇਅਰਮੈਨ ਸਾਧਾਰਨ ਤੌਰ ਤੇ ਬੋਰਡ ਦੀਆਂ ਇਕੱਤਰਤਾਵਾਂ ਦੀ ਪ੍ਰਧਾਨਗੀ ਕਰੇਗਾ।

(ਅ) ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ ਅਤੇ ਜੇ ਉਹ ਇਸ ਦੀ ਪ੍ਰਧਾਨਗੀ ਕਰਨ ਦੇ ਅਸਮਰੱਥ ਹੈ ਤਾਂ ਚੇਅਰਮੈਨ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) (ੳ) ਚਾਂਸਲਰ ਬੋਰਡ ਦੇ ਹੇਠ-ਲਿਖੇ ਮੈਂਬਰਾਂ ਨੂੰ ਤਿੰਨ ਸਾਲਾਂ ਦੀ ਮੁੱਦਤ ਲਈ ਨਾਮਜ਼ਦ ਕਰੇਗਾ ਅਤੇ ਉਹ ਉਸੇ ਮੁੱਦਤ ਦੀ ਹੋਰ ਅਉਧ ਲਈ ਮੁੜ-ਨਾਮਜ਼ਦਗੀ ਦੇ ਪਾਤਰ ਹੋਣਗੇ, ਅਰਥਾਤ:-

(i) ਉੱਘੇ ਉਦਯੋਗਪਤੀਆਂ ਵਿੱਚੋਂ ਦੋ ਮੈਂਬਰ;

(ii) ਉੱਘੇ ਟੈਕਨੋਲੋਜਿਸਟਾਂ ਵਿੱਚੋਂ ਦੋ ਮੈਂਬਰ;

(iii) ਯੂਨੀਵਰਸਿਟੀ ਨਾਲ ਸੰਬੱਧਤ ਕਾਲਜਾਂ ਵਿੱਚੋਂ ਵਾਰੀ ਨਾਲ ਕਾਲਜ ਦਾ ਇੱਕ ਪ੍ਰਿੰਸੀਪਲ; ਅਤੇ

(iv) ਯੂਨੀਵਰਸਿਟੀ ਦੇ ਵਿਭਾਗਾਂ ਦੇ ਮੁੱਖੀਆਂ ਵਿੱਚੋਂ ਵਾਰੀ ਨਾਲ ਵਿਭਾਗ ਦਾ ਇੱਕ ਮੁੱਖੀ।

(ਅ) ਹੇਠ-ਲਿਖੇ ਅਹੁਦੇ-ਕਾਰਨ ਮੈਂਬਰ ਹੋਣਗੇ, ਅਰਥਾਤ:-

(i) ਵਾਈਸ-ਚਾਂਸਲਰ, ਮਹਾਰਾਜਾ ਰਣਜੀਤ ਸਿੰਘ ਪੰਜਾਬ ਤਕਨੀਕੀ ਯੂਨੀਵਰਸਿਟੀ, ਬਠਿੰਡਾ;

(ii) ਵਾਈਸ-ਚਾਂਸਲਰ, ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ;

(iii) ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ;

(iv) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ;

(v) ਉੱਤਰ-ਪੱਛਮੀ ਕਮੇਟੀ ਦਾ ਚੇਅਰਮੈਨ, ਸਰਬ ਭਾਰਤੀ ਤਕਨੀਕੀ ਸਿੱਖਿਆ ਪਰਿਸ਼ਦ, ਚੰਡੀਗੜ੍ਹ;

(vi) ਭਾਰਤੀ ਉਦਯੋਗ ਮਹਾਂ ਸੰਘ ਦਾ ਪ੍ਰਧਾਨ ਜਾਂ ਉਸ ਦਾ ਨਾਮਜ਼ਦ; ਅਤੇ

(vii) ਡਾਇਰੈਕਟਰ, ਭਾਰਤੀ ਤਕਨਾਲੋਜੀ ਸੰਸਥਾ, ਰੋਪੜ।

(6) ਜਦੋਂ ਬੋਰਡ ਵਿੱਚ ਕਿਸੇ ਮੈਂਬਰ ਦੇ ਅਸਤੀਫ਼ੇ ਜਾਂ ਮੌਤ ਜਾਂ ਕਿਸੇ ਹੋਰ ਤਰ੍ਹਾਂ ਕੋਈ ਅਸਾਮੀ ਖ਼ਾਲੀ ਹੋ ਜਾਂਦੀ ਹੈ, ਤਾਂ ਉਸ ਨੂੰ ਉਪ-ਧਾਰਾ (5) ਵਿੱਚ ਉਪਬੰਧਤ ਤਰੀਕੇ ਨਾਲ ਭਰਿਆ ਜਾਵੇਗਾ:

ਪਰੰਤੂ ਅਜਿਹੀ ਖ਼ਾਲੀ ਥਾਂ ਭਰਨ ਵਾਲਾ ਵਿਅਕਤੀ ਉਸ ਅਉਧ ਦੇ ਅਣ-ਗੁਜ਼ਰੇ ਹਿੱਸੇ ਲਈ ਅਹੁਦਾ ਧਾਰਨ ਕਰੇਗਾ ਜਿਸ ਲਈ ਉਹ ਵਿਅਕਤੀ ਜਿਸ ਦੀ ਥਾਂ ਤੇ ਉਹ ਮੈਂਬਰ ਬਣਦਾ ਹੈ, ਹੋਰ ਤਰ੍ਹਾਂ ਨਾਲ ਅਹੁਦੇ ਤੇ ਬਣਿਆ ਰਹਿੰਦਾ।

(7) ਬੋਰਡ ਯੂਨੀਵਰਸਿਟੀ ਦੀ ਸਰਵ-ਉੱਚ ਅਥਾਰਟੀ ਹੋਵੇਗੀ ਅਤੇ ਇਸ ਕੋਲ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ, ਅਰਥਾਤ:-

(ੳ) ਯੂਨੀਵਰਸਿਟੀ ਦੇ ਕਾਰ-ਵਿਹਾਰਾਂ ਦੀ ਨਿਗਰਾਨੀ ਅਤੇ ਕੰਟਰੋਲ ਕਰਨਾ;

(ਅ) ਵਾਈਸ-ਚਾਂਸਲਰ ਦੀਆਂ ਉਪਲੱਭਤਾਵਾਂ ਅਤੇ ਸੇਵਾ ਦੇ ਨਿਬੰਧਨਾਂ ਅਤੇ ਸ਼ਰਤਾਂ ਦੀ ਸਿਫ਼ਾਰਸ਼ ਕਰਨਾ;

(ੲ) ਅਕਾਦਮਿਕ ਪ੍ਰੋਗਰਾਮਾਂ ਨੂੰ ਪ੍ਰਵਾਨ ਕਰਨਾ;

(ਸ) ਵਿਨਿਯਮਾਂ ਨੂੰ ਬਣਾਉਣਾ ਅਤੇ ਪ੍ਰਵਾਨ ਕਰਨਾ;

(ਹ) ਵੱਖ ਵੱਖ ਅਕਾਦਮਿਕ ਪ੍ਰੋਗਰਾਮਾਂ ਨੂੰ ਚਲਾਉਣ ਲਈ ਵਿਭਾਗਾਂ/ਕੇਂਦਰਾਂ/ਸਕੂਲਾਂ/ਅਧਿਐਨ ਬੋਰਡਾਂ ਨੂੰ ਸਿਰਜਣਾ;

(ਕ) ਯੂਨੀਵਰਸਿਟੀ ਵਿੱਚ ਫੈਕਲਟੀ ਅਤੇ ਅਮਲੇ ਦੀਆਂ ਪਦਵੀਆਂ ਸਿਰਜਣਾ;

(ਖ) ਯੂਨੀਵਰਸਿਟੀ ਦੇ ਬਜਟ ਨੂੰ ਪ੍ਰਵਾਨ ਕਰਨਾ;

(ਗ) ਯੂਨੀਵਰਸਿਟੀ ਦੇ ਫ਼ੰਡਾਂ ਨੂੰ ਪ੍ਰਸ਼ਾਸਤ ਅਤੇ ਕੰਟਰੋਲ ਕਰਨਾ ਅਤੇ ਬੈਂਕ ਖਾਤੇ ਖੋਲ੍ਹਣ ਅਤੇ ਚਲਾਉਣ ਲਈ ਅਧਿਕਾਰਤ ਕਰਨਾ;

(ਘ) ਯੂਨੀਵਰਸਿਟੀ ਦੀ ਚੁੱਕਵੀਂ, ਅਚੁੱਕਵੀਂ ਅਤੇ ਬੌਧਿਕ ਸੰਪੱਤੀ ਨੂੰ ਸਵੀਕਾਰ ਕਰਨਾ, ਮੁੰਤਕਿਲ ਕਰਨਾ ਅਤੇ ਹੋਰ ਤਰ੍ਹਾਂ ਨਾਲ ਕੰਟਰੋਲ ਕਰਨਾ;

(ਙ) ਯੂਨੀਵਰਸਿਟੀ ਦੀ ਸਾਂਝੀ ਮੁਹਰ ਦੇ ਰੂਪ ਅਤੇ ਵਰਤੋਂ ਬਾਰੇ ਫ਼ੈਸਲਾ ਕਰਨਾ;

(ਚ) ਅਜਿਹੀਆਂ ਕਮੇਟੀਆਂ ਨਿਯੁਕਤ ਕਰਨਾ ਜੋ ਯੂਨੀਵਰਸਿਟੀ ਦੇ ਕਾਰਜ-ਕੁਸ਼ਲ ਕਾਰਜਕਾਰਤਾ ਲਈ ਲੋੜੀਂਦੀਆਂ ਹੋਣ;

(ਛ) ਯੂਨੀਵਰਸਿਟੀ ਦੀ ਫੈਕਲਟੀ ਅਤੇ ਅਮਲੇ ਦੀਆਂ ਉਪਲੱਭਤਾਵਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ ਨੂੰ ਪ੍ਰਵਾਨ ਕਰਨਾ; ਅਤੇ

(ਜ) ਮੁਆਇਦੇ ਤੇ ਕੰਮਾਂ ਅਤੇ ਸੇਵਾਵਾਂ ਦੀ ਪਾਲਣਾ ਨੂੰ ਪ੍ਰਵਾਨ ਕਰਨਾ।

(8) ਬੋਰਡ ਦੀ ਸਲਾਨਾ ਇਕੱਤਰਤਾ ਵਾਈਸ-ਚਾਂਸਲਰ ਦੁਆਰਾ ਚੇਅਰਮੈਨ ਨਾਲ ਮਸ਼ਵਰਾ ਕਰਕੇ ਨਿਯਤ ਕੀਤੀ ਗਈ ਤਰੀਕ ਨੂੰ ਆਯੋਜਿਤ ਕੀਤੀ ਜਾਵੇਗੀ। ਅਜਿਹੀ ਸਲਾਨਾ ਇਕੱਤਰਤਾ ਵਿੱਚ, ਪੂਰਵਲੇ ਸਾਲ ਦੌਰਾਨ ਯੂਨੀਵਰਸਿਟੀ ਦੇ ਕੰਮਕਾਜ ਦੀ ਰਿਪੋਟ, ਆਮਦਨ ਅਤੇ ਖ਼ਰਚਿਆਂ ਦਾ ਵਿਵਰਣ, ਸੰਤੁਲਤ ਪੱਤਰ ਅਤੇ ਵਿੱਤੀ ਅਨੁਮਾਨਾਂ ਸਹਿਤ ਪੇਸ਼ ਕੀਤੀ ਜਾਵੇਗੀ।

(9) ਬੋਰਡ ਦੀ ਵਿਸ਼ੇਸ਼ ਇਕੱਤਰਤਾ ਚੇਅਰਮੈਨ ਦੁਆਰਾ ਜਿਵੇਂ ਅਤੇ ਜਦ ਜ਼ਰੂਰੀ ਹੋਵੇ ਬੁਲਾਈ ਜਾ ਸਕੇਗੀ।

(10) ਬੋਰਡ ਦੇ ਮੈਂਬਰ ਯੂਨੀਵਰਸਿਟੀ ਤੋਂ ਅਜਿਹੇ ਭੱਤੇ, ਜੇ ਕੋਈ ਹੋਣ, ਅਤੇ ਬੈਠਕ ਫ਼ੀਸ ਦੇ ਹੱਕਦਾਰ ਹੋਣਗੇ ਜਿਵੇਂ ਵਿਨਿਯਮਾਂ ਵਿੱਚ ਉਪਬੰਧਤ ਕੀਤੇ ਜਾਣ, ਪਰ ਇਸ ਧਾਰਾ ਦੀ ਉਪ-ਧਾਰਾ (5) ਦੇ ਖੰਡ (ੳ) ਦੇ ਉਪ-ਖੰਡ (iii) ਅਤੇ (iv) ਅਤੇ ਖੰਡ (ਅ) ਦੇ ਉਪ-ਖੰਡ (i) ਵਿੱਚ ਹਵਾਲਾ ਕੀਤੇ ਗਏ ਵਿਅਕਤੀਆਂ ਤੋਂ ਇਲਾਵਾ ਕੋਈ ਮੈਂਬਰ ਕਿਸੇ ਤਨਖਾਹ ਦਾ ਹੱਕਦਾਰ ਨਹੀਂ ਹੋਵੇਗਾ।

(11) ਬੋਰਡ ਦੀ ਕਿਸੇ ਇਕੱਤਰਤਾ ਵਿੱਚ ਚੇਅਰਮੈਨ ਸਮੇਤ ਪੰਜ ਮੈਂਬਰ, ਕੋਰਮ ਬਣਾਉਣਗੇ।

(12) ਮੈਂਬਰਾਂ ਵਿੱਚ ਵਿਚਾਰਾਂ ਦੇ ਮਤਭੇਦ ਹੋਣ ਦੀ ਸੂਰਤ ਵਿੱਚ, ਬਹੁਮਤ ਦੀ ਰਾਏ ਪ੍ਰਬਲ ਹੋਵੇਗੀ।

(13) ਬੋਰਡ ਦੇ ਹਰੇਕ ਮੈਂਬਰ, ਚੇਅਰਮੈਨ ਸਮੇਤ, ਕੋਲ ਇੱਕ ਵੋਟ ਹੋਵੇਗੀ। ਜੇ, ਬੋਰਡ ਦੁਆਰਾ ਨਿਰਧਾਰਤ ਕੀਤੇ ਜਾਣ ਵਾਲੇ ਕਿਸੇ ਵੀ ਪ੍ਰਸ਼ਨ ਤੇ ਵੋਟਾਂ ਬਰਾਬਰ ਹੋਣਗੀਆਂ, ਤਾਂ ਚੇਅਰਮੈਨ ਕੋਲ ਇਸ ਤੋਂ ਇਲਾਵਾ, ਇੱਕ ਨਿਰਣਾਇਕ ਵੋਟ ਦੀ ਵਰਤੋਂ ਕਰਨ ਦੀ ਸ਼ਕਤੀ ਹੋਵੇਗੀ।

(14) ਬੋਰਡ ਦੀ ਹਰੇਕ ਇਕੱਤਰਤਾ ਦੀ ਪ੍ਰਧਾਨਗੀ ਚੇਅਰਮੈਨ ਦੁਆਰਾ ਕੀਤੀ ਜਾਵੇਗੀ ਅਤੇ, ਉਸ ਦੀ ਗੈਰਹਾਜ਼ਰੀ ਵਿੱਚ, ਉਪ-ਚੇਅਰਮੈਨ ਇਕੱਤਰਤਾ ਦੀ ਪ੍ਰਧਾਨਗੀ ਕਰੇਗਾ।

(15) ਕੋਈ ਮਤਾ, ਬੋਰਡ ਦੀ ਇਕੱਤਰਤਾ ਦੇ ਅੱਗੇ ਰੱਖੇ ਜਾਣ ਵਾਲੇ ਮਤੇ ਨੂੰ ਛੱਡ ਕੇ, ਇਸ ਦੇ ਸਾਰੇ ਮੈਂਬਰਾਂ ਵਿੱਚ ਸਰਕੂਲੇਸ਼ਨ ਦੁਆਰਾ ਅਪਣਾਇਆ ਜਾ ਸਕੇਗਾ। ਇਸ ਤਰ੍ਹਾਂ ਸਰਕੂਲੇਟ ਕੀਤਾ ਅਤੇ ਬਹੁ-ਗਿਣਤੀ ਮੈਂਬਰਾਂ ਦੁਆਰਾ ਅਪਣਾਇਆ ਗਿਆ ਕੋਈ ਵੀ ਮਤਾ, ਜਿਨ੍ਹਾਂ ਨੇ ਅਜਿਹੇ ਮਤੇ ਨੂੰ ਆਪਣੀ ਪ੍ਰਵਾਨਗੀ ਜਾਂ ਅਪ੍ਰਵਾਨਗੀ ਦਿੱਤੀ ਹੈ, ਉਨਾਂ ਹੀ ਪ੍ਰਭਾਵਸ਼ਾਲੀ ਅਤੇ ਬੰਧਨਕਾਰੀ ਹੋਵੇਗਾ ਜਿਵੇਂ ਅਜਿਹਾ ਮਤਾ ਬੋਰਡ ਦੀ ਇਕੱਤਰਤਾ ਵਿੱਚ ਅਪਣਾਇਆ ਗਿਆ ਹੋਵੇ:

ਪਰੰਤੂ ਅਜਿਹੇ ਸਰਕੂਲੇਸ਼ਨ ਦੁਆਰਾ ਕਿਸੇ ਵੀ ਫ਼ੈਸਲੇ ਲਈ ਬੋਰਡ ਦੇ ਘੱਟੋ-ਘੱਟ ਚਾਰ ਮੈਂਬਰਾਂ ਨੂੰ ਲਿਖਤੀ ਰੂਪ ਵਿੱਚ ਮਤੇ ਦਾ ਸਮਰਥਨ ਕਰਨਾ ਚਾਹੀਦਾ ਹੈ।

ਅਕਾਦਮਿਕ ਕੌਂਸਲ।

14. (1) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਅਕਾਦਮਿਕ ਬੌਡੀ ਹੋਵੇਗੀ ਅਤੇ, ਇਸ ਐਕਟ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੇ ਅੰਦਰ ਸਿੱਖਿਆ-ਦੀਖਿਆ, ਸਿੱਖਿਆ ਅਤੇ ਪ੍ਰੀਖਿਆ ਦੇ ਮਿਆਰਾਂ ਦੇ ਕਾਇਮ ਰੱਖਣ ਲਈ ਕੰਟਰੋਲ ਹੋਵੇਗਾ ਅਤੇ ਜ਼ਿੰਮੇਵਾਰ ਹੋਵੇਗੀ ਅਤੇ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰੇਗੀ ਅਤੇ ਅਜਿਹੇ ਹੋਰ ਕਰਤੱਵ ਨਿਭਾਏਗੀ, ਜਿਵੇਂ ਵਿਨਿਯਮਾਂ ਦੁਆਰਾ ਇਸ ਨੂੰ ਪ੍ਰਦਾਨ ਕੀਤੇ ਜਾਂ ਅਰੋਪੇ ਜਾਣ। ਇਸ ਨੂੰ ਸਾਰੇ ਅਕਾਦਮਿਕ ਮਾਮਲਿਆਂ ਤੇ ਬੋਰਡ ਨੂੰ ਸਲਾਹ ਦੇਣ ਦਾ ਅਧਿਕਾਰ ਹੋਵੇਗਾ।

(2) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਵਾਈਸ-ਚਾਂਸਲਰ; | : | ਚੇਅਰਮੈਨ |
| (ii) | ਫੈਕਲਟੀਆਂ ਦੇ ਡੀਨ | : | ਮੈਂਬਰ |
| (iii) | ਯੂਨੀਵਰਸਿਟੀ ਦੇ ਵਿਭਾਗਾਂ/ਸਕੂਲਾਂ ਦੇ ਮੁੱਖੀ; | : | ਮੈਂਬਰ |
| (iv) | ਵਾਰੀ ਨਾਲ ਯੂਨੀਵਰਸਿਟੀ ਨਾਲ ਸੰਬੱਧਤ ਦਸ ਕਾਲਜਾਂ ਦੇ ਪ੍ਰਿੰਸੀਪਲ: ਪ੍ਰੰਤੂ ਕਿਸੇ ਪ੍ਰਿੰਸੀਪਲ ਨੂੰ ਮੁੜ-ਨਾਮਜ਼ਦ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਹੋਰਨਾਂ ਸਾਰਿਆਂ ਨੂੰ ਅਕਾਦਮਿਕ ਕੌਂਸਲ ਦੇ ਮੈਂਬਰ ਵਜੋਂ ਘੱਟੋ-ਘੱਟ ਇੱਕ ਵਾਰ ਨਾਮਜ਼ਦ ਨ ਕੀਤਾ ਗਿਆ ਹੋਵੇ; | : | ਮੈਂਬਰ |

(v) ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਉਦਯੋਗਪਤੀ; : ਮੈਂਬਰ

(vi) ਬੋਰਡ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਦੋ ਉੱਘੇ ਟੈਕਨਾਲੋਜਿਸਟ। : ਮੈਂਬਰ

ਲੜੀ ਨੰ: (iv), (v) ਅਤੇ (vi) ਤੇ ਜ਼ਿਕਰ ਕੀਤੇ ਮੈਂਬਰਾਂ ਦੀ ਨਾਮਜ਼ਦਗੀ ਦੋ ਸਾਲਾਂ ਦੀ ਮੁੱਦਤ ਲਈ ਹੋਵੇਗੀ।

ਵਿੱਤ ਕਮੇਟੀ ਦਾ ਗਠਨ।

15. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

(i) ਵਾਈਸ-ਚਾਂਸਲਰ; : ਚੇਅਰਮੈਨ

(ii) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ; : ਮੈਂਬਰ

(iii) ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ; : ਮੈਂਬਰ

(iv) ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ, ਪੰਜਾਬ; ਅਤੇ : ਮੈਂਬਰ

(vi) ਚੇਅਰਮੈਨ ਦੁਆਰਾ ਨਾਮਜ਼ਦ ਕੀਤਾ ਜਾਣ ਵਾਲਾ ਬੋਰਡ ਦਾ ਇੱਕ ਮੈਂਬਰ। : ਮੈਂਬਰ

(2) ਵਿੱਤ ਕਮੇਟੀ ਸਾਰੇ ਵਿੱਤੀ ਮਾਮਲਿਆਂ ਤੇ ਬੋਰਡ ਨੂੰ ਸਲਾਹ ਦੇਵੇਗੀ।

ਯੂਨੀਵਰਸਿਟੀ ਦੀਆਂ ਅਥਾਰਟੀਆਂ ਦੀਆਂ ਸ਼ਕਤੀਆਂ ਅਤੇ ਕਰਤੱਵ।

16. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਬੋਰਡ ਅਤੇ ਅਕਾਦਮਿਕ ਕੌਂਸਲ ਤੋਂ ਇਲਾਵਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਦੇ ਗਠਨ, ਸ਼ਕਤੀਆਂ ਅਤੇ ਕਰਤੱਵ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣਗੇ।

ਵਿਨਿਯਮਾਂ ਦਾ ਬਣਾਉਣਾ, ਸੋਧ, ਨਿਰਸਨ ਅਤੇ ਅਮਲ।

17. (1) ਯੂਨੀਵਰਸਿਟੀ ਦੇ ਪਹਿਲੇ ਵਿਨਿਯਮ ਰਾਜ ਸਰਕਾਰ ਦੁਆਰਾ ਬਣਾਏ ਜਾਣਗੇ ਅਤੇ ਸਰਕਾਰੀ ਗਜ਼ਟ ਵਿੱਚ ਅਧਿਸੂਚਤ ਕੀਤੇ ਜਾਣਗੇ।

(2) ਬੋਰਡ, ਸਮੇਂ ਸਮੇਂ ਤੇ ਨਵੇਂ ਜਾਂ ਵਾਧੂ ਵਿਨਿਯਮ ਬਣਾ ਸਕੇਗਾ ਜਾਂ ਵਿਨਿਯਮਾਂ ਵਿੱਚ ਸੋਧ ਜਾਂ ਉਨ੍ਹਾਂ ਨੂੰ ਨਿਰਸਤ ਕਰ ਸਕੇਗਾ:

ਪਰੰਤੂ ਬੋਰਡ ਯੂਨੀਵਰਸਿਟੀ ਦੀ ਕਿਸੇ ਮੌਜੂਦਾ ਅਥਾਰਟੀ ਦੀ ਪ੍ਰਤਿਸ਼ਠਾ, ਸ਼ਕਤੀਆਂ ਜਾਂ ਗਠਨ ਨੂੰ ਪ੍ਰਭਾਵਤ ਕਰਨ ਵਾਲੇ ਵਿਨਿਯਮਾਂ ਦੀ ਸੋਧ ਦਾ ਖਰੜਾ ਤਜਵੀਜ਼ ਨਹੀਂ ਕਰੇਗਾ, ਜਦੋਂ ਤੱਕ ਅਜਿਹੀ ਅਥਾਰਟੀ ਨੂੰ ਤਜਵੀਜ਼ ਤੇ ਰਾਏ ਪ੍ਰਗਟ ਕਰਨ ਦਾ ਮੌਕਾ ਨਹੀਂ ਦੇ ਦਿੱਤਾ ਜਾਂਦਾ ਅਤੇ ਇਸ ਤਰ੍ਹਾਂ ਪ੍ਰਗਟਾਈ ਗਈ ਕੋਈ ਰਾਏ ਲਿਖਤੀ ਰੂਪ ਵਿੱਚ ਹੋਵੇਗੀ ਅਤੇ ਬੋਰਡ ਦੁਆਰਾ ਵਿਚਾਰੀ ਜਾਵੇਗੀ।

(3) ਹਰੇਕ ਨਵਾਂ ਵਿਨਿਯਮ ਜਾਂ ਵਿਨਿਯਮ ਦਾ ਕੋਈ ਵਾਧਾ ਜਾਂ ਕੋਈ ਸੋਧ ਜਾਂ ਨਿਰਸਨ ਕਰਨ ਲਈ ਬੋਰਡ ਦੀ ਪ੍ਰਵਾਨਗੀ ਲੋੜੀਂਦੀ ਹੋਵੇਗੀ, ਜੋ ਇਸ ਨੂੰ ਪ੍ਰਵਾਨਗੀ ਦੇ ਸਕਦਾ ਹੈ, ਨਾਮਨਜ਼ੂਰ ਕਰ ਸਕਦਾ ਹੈ ਜਾਂ ਇਸ ਨੂੰ ਹੋਰ ਵਿਚਾਰਨ ਲਈ ਭੇਜ ਸਕਦਾ ਹੈ।

18. ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਵਿਨਿਯਮ ਹੇਠ-ਲਿਖੇ ਸਾਰੇ ਜਾਂ ਕਿਸੇ ਮਾਮਲਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:- ਵਿਨਿਯਮ।

(ੳ) ਅਕਾਦਮਿਕ ਕੌਂਸਲ ਅਤੇ ਅਜਿਹੀਆਂ ਹੋਰ ਅਥਾਰਟੀਆਂ ਦੇ ਗਠਨ, ਸ਼ਕਤੀਆਂ ਅਤੇ ਕਰਤੱਵ, ਜੋ ਸਮੇਂ ਸਮੇਂ ਤੇ ਗਠਤ ਕਰਨ ਲਈ ਜ਼ਰੂਰੀ ਸਮਝੇ ਜਾਣ;

(ਅ) ਯੂਨੀਵਰਸਿਟੀ ਦੇ ਅਧਿਕਾਰੀਆਂ ਦੀਆਂ ਨਿਯੁਕਤੀਆਂ, ਸ਼ਕਤੀਆਂ ਅਤੇ ਕਰਤੱਵ;

(ੲ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਹੋਰ ਕਰਮਚਾਰੀਆਂ ਦੇ ਫ਼ਾਇਦੇ ਲਈ ਗ੍ਰੈਚੂਇਟੀ ਅਤੇ ਪ੍ਰਾਵੀਡੈਂਟ ਫੰਡ ਦਾ ਗਠਨ ਅਤੇ ਇੱਕ ਬੀਮਾ ਯੋਜਨਾ ਦੀ ਸਥਾਪਨਾ;

(ਸ) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(ਹ) ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ ਨੂੰ ਵਾਪਸ ਲੈਣਾ;

(ਕ) ਫੈਕਲਟੀਆਂ, ਵਿਭਾਗਾਂ, ਵੱਡੇ ਕਮਰਿਆਂ, ਹੋਸਟਲਾਂ, ਕਾਲਜਾਂ, ਕੇਂਦਰਾਂ ਅਤੇ ਸਕੂਲਾਂ ਦੀ ਸਥਾਪਨਾ ਅਤੇ ਗਠਨ;

(ਖ) ਉਹ ਸ਼ਰਤਾਂ ਜਿਨ੍ਹਾਂ ਅਧੀਨ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਨੂੰ ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰਵਾਏ ਜਾ ਸਕਣਗੇ ਅਤੇ ਅਜਿਹੇ ਵਿਸ਼ੇਸ਼ ਅਧਿਕਾਰਾਂ ਨੂੰ ਵਾਪਸ ਲੈਣਾ;

(ਗ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖ਼ਲਾ ਅਤੇ ਅਜਿਹੇ ਰੂਪ ਵਿੱਚ ਉਨ੍ਹਾਂ ਦੇ ਨਾਂ ਦਰਜ ਕਰਨਾ;

(ਘ) ਯੂਨੀਵਰਸਿਟੀ ਦੀਆਂ ਸਾਰੀਆਂ ਡਿਗਰੀਆਂ, ਡਿਪਲੋਮਿਆਂ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਦੇ ਕੋਰਸ;

(ਙ) ਯੂਨੀਵਰਸਿਟੀ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਡਿਗਰੀਆਂ, ਡਿਪਲੋਮੇ, ਸਰਟੀਫਿਕੇਟ ਅਤੇ ਹੋਰ ਅਕਾਦਮਿਕ ਉਪਾਧੀਆਂ, ਉਨ੍ਹਾਂ ਲਈ ਕਾਬਲੀਅਤਾਂ ਅਤੇ ਉਨ੍ਹਾਂ ਨੂੰ ਦੇਣ ਅਤੇ ਪ੍ਰਾਪਤ ਕਰਨ ਸਬੰਧੀ ਲਈਆਂ ਜਾਣ ਵਾਲੀਆਂ ਰਕਮਾਂ;

(ਚ) ਯੂਨੀਵਰਸਿਟੀ ਵਿੱਚ ਅਧਿਐਨ ਦੇ ਕੋਰਸਾਂ ਲਈ ਅਤੇ ਯੂਨੀਵਰਸਿਟੀ ਦੀਆਂ ਪ੍ਰੀਖਿਆਵਾਂ, ਡਿਗਰੀਆਂ, ਡਿਪਲੋਮਿਆਂ

ਅਤੇ ਸਰਟੀਫਿਕੇਟਾਂ ਵਿੱਚ ਦਾਖ਼ਲੇ ਲਈ ਲਈਆਂ ਜਾਣ ਵਾਲੀਆਂ ਫ਼ੀਸਾਂ;

(ਛ) ਫੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ ਵਜ਼ੀਫ਼ੇ, ਵਜ਼ੀਫ਼ੇ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(ਜ) ਪ੍ਰੀਖਿਆਵਾਂ ਦਾ ਸੰਚਾਲਨ, ਜਿਸ ਵਿੱਚ ਪ੍ਰੀਖਿਆ ਲੈਣ ਵਾਲੀਆਂ ਬੌਡੀਆਂ, ਪ੍ਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੀ ਅਉਧ, ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(ਝ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਬਣਾਈ ਰੱਖਣਾ;

(ਞ) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਦੀਆਂ ਸ਼ਰਤਾਂ;

(ਟ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਉਪਲੱਭਤਾਵਾਂ ਅਤੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(ਠ) ਯੂਨੀਵਰਸਿਟੀ ਦੁਆਰਾ ਸਥਾਪਤ ਜਾਂ ਕਾਇਮ ਕੀਤੇ ਗਏ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਦਾ ਪ੍ਰਬੰਧਨ;

(ਡ) ਯੂਨੀਵਰਸਿਟੀ ਦੇ ਵਿਸ਼ੇਸ਼ ਅਧਿਕਾਰ ਪ੍ਰਾਪਤ ਕਾਲਜਾਂ, ਸਕੂਲਾਂ ਅਤੇ ਕੇਂਦਰਾਂ ਦੀ ਨਿਗਰਾਨੀ ਅਤੇ ਨਿਰੀਖਣ; ਅਤੇ

(ਢ) ਹੋਰ ਸਾਰੇ ਮਾਮਲੇ, ਜੋ ਇਸ ਐਕਟ ਦੁਆਰਾ ਜਾਂ ਵਿਨਿਯਮਾਂ ਦੁਆਰਾ ਉਪਬੰਧਤ ਕੀਤੇ ਜਾਣ।

ਉਪ-ਵਿਨਿਯਮ। 19. (1) ਅਥਾਰਟੀਆਂ ਇਸ ਐਕਟ ਅਤੇ ਵਿਨਿਯਮਾਂ ਨਾਲ ਸੰਗਤ ਹੇਠ-ਲਿਖੇ ਸਾਰੇ ਜਾਂ ਕਿਸੇ ਮਾਮਲਿਆਂ ਲਈ ਉਪ-ਵਿਨਿਯਮ ਬਣਾ ਸਕਣਗੀਆਂ, ਅਰਥਾਤ:-

(ੳ) ਉਨ੍ਹਾਂ ਦੀਆਂ ਇਕੱਤਰਤਾਵਾਂ ਵਿੱਚ ਅਪਣਾਇਆ ਜਾਣ ਵਾਲਾ ਜ਼ਾਬਤਾ ਅਤੇ ਕੋਰਮ ਬਣਾਉਣ ਲਈ ਲੋੜੀਂਦੇ ਮੈਂਬਰਾਂ ਦੀ ਗਿਣਤੀ ਨਿਯਤ ਕਰਨਾ; ਅਤੇ

(ਅ) ਉਨ੍ਹਾਂ ਸਾਰੇ ਮਾਮਲਿਆਂ ਲਈ ਉਪਬੰਧ ਕਰਨਾ ਜੋ ਇਸ ਐਕਟ ਅਤੇ ਵਿਨਿਯਮਾਂ ਦੁਆਰਾ ਉਲਿਖਤ ਕੀਤੇ ਜਾਣੇ ਹਨ।

(2) ਹਰੇਕ ਅਥਾਰਟੀ ਅਜਿਹੀ ਅਥਾਰਟੀ ਦੇ ਮੈਂਬਰਾਂ ਨੂੰ ਇਕੱਤਰਤਾਵਾਂ ਦੀਆਂ ਤਰੀਕਾਂ ਅਤੇ ਇਕੱਤਰਤਾਵਾਂ ਵਿੱਚ ਵਿਚਾਰੇ ਜਾਣ ਵਾਲੇ ਕਾਰੋਬਾਰ ਦਾ ਨੋਟਿਸ ਦੇਣ ਅਤੇ ਇਕੱਤਰਤਾਵਾਂ ਦੀਆਂ ਕਾਰਵਾਈਆਂ ਦਾ ਰਿਕਾਰਡ ਰੱਖਣ ਲਈ ਉਪਬੰਧ ਕੀਤੇ ਜਾਣ ਲਈ ਉਪ-ਵਿਨਿਯਮ ਬਣਾਏਗੀ।

20. (1) ਰਾਜ ਸਰਕਾਰ ਸਮੇਂ ਸਮੇਂ ਤੇ ਯੂਨੀਵਰਸਿਟੀ ਦੇ ਪੂੰਜੀ, ਆਵਰਤਕ ਜਾਂ ਹੋਰ ਖਰਚਿਆਂ ਨੂੰ ਪੂਰਾ ਕਰਨ ਲਈ ਗ੍ਰਾਂਟਾਂ ਦੇ ਰੂਪ ਵਿੱਚ ਅਜਿਹੀਆਂ ਰਕਮਾਂ ਦਾ ਉਪਬੰਧ ਕਰ ਸਕੇਗੀ, ਜਿਵੇਂ ਉਹ ਉਚਿਤ ਸਮਝੇ। ਰਾਜ ਸਰਕਾਰ ਦੁਆਰਾ ਗ੍ਰਾਂਟ।

(2) * * * * *

21. ਯੂਨੀਵਰਸਿਟੀ ਦੀ ਸਲਾਨਾ ਰਿਪੋਟ ਤਿਆਰ ਕੀਤੀ ਜਾਵੇਗੀ ਅਤੇ ਇਹ ਬੋਰਡ ਦੀ ਸਲਾਨਾ ਇਕੱਤਰਤਾ ਵਿੱਚ ਪ੍ਰਵਾਨਗੀ ਲਈ ਅਜਿਹੀ ਤਰੀਕ ਜਾਂ ਉਸ ਤੋਂ ਪਹਿਲਾਂ ਪੇਸ਼ ਕੀਤੀ ਜਾਵੇਗੀ ਜਿਵੇਂ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਜਾਵੇ। ਸਲਾਨਾ ਰਿਪੋਟ।

22. ਯੂਨੀਵਰਸਿਟੀ ਦੀ ਆਮਦਨ ਅਤੇ ਖਰਚ ਦੇ ਲੇਖੇ ਹਰੇਕ ਸਾਲ ਇੱਕ ਵਾਰ ਰਾਜ ਸਰਕਾਰ ਨੂੰ ਅਜਿਹੀ ਪ੍ਰੀਖਿਆ ਅਤੇ ਆਡਿਟ ਲਈ ਪੇਸ਼ ਕੀਤੇ ਜਾਣਗੇ, ਜਿਵੇਂ ਰਾਜ ਸਰਕਾਰ ਨਿਰਦੇਸ਼ ਦੇਵੇ। ਆਡਿਟ ਕੀਤੇ ਲੇਖਿਆਂ ਨੂੰ, ਰਾਜ ਸਰਕਾਰ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ। ਸਲਾਨਾ ਲੇਖਾ।

23. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਕਿਸੇ ਹੋਰ ਬੌਡੀ ਦੁਆਰਾ ਇਸ ਐਕਟ ਅਧੀਨ ਕੀਤਾ ਗਿਆ ਕੋਈ ਕਾਰਜ ਜਾਂ ਕਾਰਵਾਈਆਂ ਸਿਰਫ਼ ਹੇਠ-ਲਿਖੇ ਕਿਸੇ ਵੀ ਆਧਾਰਾਂ ਕਾਰਨ ਨਾਜਾਇਜ਼ ਨਹੀਂ ਹੋਣਗੀਆਂ, ਅਰਥਾਤ:- ਖਾਲੀ ਥਾਵਾਂ ਕਾਰਨ ਅਥਾਰਟੀਆਂ ਅਤੇ ਬੌਡੀਆਂ ਦੇ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨਾ ਹੋਣਾ।

(ੳ) ਅਥਾਰਟੀ ਜਾਂ ਬੌਡੀ ਦੇ ਗਠਨ ਵਿੱਚ ਖ਼ਾਲੀ ਥਾਂ ਜਾਂ ਤਰੁੱਟੀ ਹੈ;

(ਅ) ਉਸਦੇ ਮੈਂਬਰ ਵਜੋਂ ਕਾਰਜ ਕਰ ਰਹੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਤਰੁੱਟੀ ਜਾਂ ਬੇਕਾਇਦਗੀ ਹੈ; ਅਤੇ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਤਰੁੱਟੀ ਜਾਂ ਬੇਕਾਇਦਗੀ ਹੈ, ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

24. ਜੇ ਕੋਈ ਸਵਾਲ ਪੈਦਾ ਹੁੰਦਾ ਹੈ ਕਿ ਕੀ ਕਿਸੇ ਵਿਅਕਤੀ ਨੂੰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦਾ ਮੈਂਬਰ ਬਣਨ ਲਈ ਠੀਕ ਤੌਰ ਤੇ ਨਾਮਜ਼ਦ ਜਾਂ ਨਿਯੁਕਤ ਕੀਤਾ ਗਿਆ ਹੈ ਜਾਂ ਉਹ ਹੱਕਦਾਰ ਹੈ, ਤਾਂ ਮਾਮਲਾ ਚਾਂਸਲਰ ਨੂੰ ਭੇਜਿਆ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਮ ਹੋਵੇਗਾ। ਅਥਾਰਟੀਆਂ ਅਤੇ ਬੌਡੀਆਂ ਦੇ ਗਠਨ ਬਾਰੇ ਝਗੜੇ।

25. (1) ਰਾਜ ਸਰਕਾਰ ਕੋਲ ਨੀਤੀ ਦੇ ਕਿਸੇ ਮਾਮਲੇ ਦੇ ਬਾਬਤ ਜਾਂ ਯੂਨੀਵਰਸਿਟੀ ਦੁਆਰਾ ਇਸ ਐਕਟ ਦੇ ਉਪਬੰਧਾਂ ਜਾਂ ਇਸ ਅਧੀਨ ਬਣਾਏ ਗਏ ਨਿਯਮਾਂ ਦੀ ਉਲੰਘਣਾ ਵਿੱਚ ਕੀਤੇ ਗਏ ਕਿਸੇ ਵੀ ਕਾਰਜ ਦੇ ਸਬੰਧ ਵਿੱਚ ਯੂਨੀਵਰਸਿਟੀ ਨੂੰ ਹਵਾਲਾ ਕਰਨ ਦੀਆਂ ਸ਼ਕਤੀਆਂ ਹੋਣਗੀਆਂ। ਰਾਜ ਸਰਕਾਰ ਦੀਆਂ ਸ਼ਕਤੀਆਂ।

(2) ਯੂਨੀਵਰਸਿਟੀ ਉਪ-ਧਾਰਾ (1) ਅਧੀਨ ਕੀਤੇ ਗਏ ਹਵਾਲੇ ਤੇ ਕੀਤੀ ਗਈ ਜਾਂ ਕੀਤੀ ਜਾਣ ਵਾਲੀ ਤਜਵੀਜ਼ਤ ਕਾਰਵਾਈ, ਜੋ ਕੋਈ ਹੋਵੇ, ਬਾਰੇ ਰਾਜ ਸਰਕਾਰ ਨੂੰ ਰਿਪੋਟ ਕਰੇਗੀ, ਅਤੇ ਜੇ ਉਹ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ, ਤਾਂ ਰਾਜ ਸਰਕਾਰ ਨੂੰ ਇੱਕ ਸਪੱਸ਼ਟੀਕਰਨ ਪੇਸ਼ ਕਰੇਗੀ।

(3) ਜੇ, ਯੂਨੀਵਰਸਿਟੀ ਵਾਜਬ ਸਮੇਂ ਦੇ ਅੰਦਰ ਰਾਜ ਸਰਕਾਰ ਦੀ ਤਸੱਲੀ ਅਨੁਸਾਰ ਅਜਿਹੇ ਹਵਾਲੇ ਤੇ ਕਾਰਵਾਈ ਕਰਨ ਵਿੱਚ ਅਸਫ਼ਲ ਰਹਿੰਦੀ ਹੈ,

ਤਾਂ ਉਹ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਸਪੱਸ਼ਟੀਕਰਨ ਤੇ ਵਿਚਾਰ ਕਰਨ ਤੋਂ ਪਿੱਛੋਂ, ਇਸ ਐਕਟ ਦੇ ਸੰਗਤ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਰਾਜ ਸਰਕਾਰ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

(4) ਰਾਜ ਸਰਕਾਰ, ਕਿਸੇ ਵੀ ਸਮੇਂ, ਯੂਨੀਵਰਸਿਟੀ ਦੀ ਉਚਿਤ ਅਤੇ ਪ੍ਰਭਾਵੀ ਕਾਰਜਕਾਰਤਾ ਬਾਰੇ ਅਤੇ ਯੂਨੀਵਰਸਿਟੀ ਦੇ ਪ੍ਰਸ਼ਾਸਨ ਅਤੇ ਵਿੱਤ ਨਾਲ ਮੁਤੱਲਕ ਕਿਸੇ ਮਾਮਲੇ ਬਾਰੇ ਤਸੱਲੀ ਕਰਨ ਲਈ, ਕਿਸੇ ਅਜਿਹੀ ਅਥਾਰਟੀ ਜਾਂ ਵਿਅਕਤੀ ਦੁਆਰਾ ਯੂਨੀਵਰਸਿਟੀ ਦੇ ਕਾਰ-ਵਿਹਾਰਾਂ ਦਾ ਨਿਰੀਖਣ ਜਾਂ ਜਾਂਚ ਲਈ ਵਿਵਸਥਾ ਕਰ ਸਕੇਗੀ, ਜਿਵੇਂ ਉਹ ਉਲਿਖਤ ਕਰੇ।

(5) ਯੂਨੀਵਰਸਿਟੀ ਉਪ-ਧਾਰਾ (4) ਵਿੱਚ ਹਵਾਲਾ ਕੀਤੇ ਗਏ ਨਿਰੀਖਣ ਜਾਂ ਪੁੱਛ-ਪੜਤਾਲ ਵਿੱਚ ਆਪਣੀ ਪ੍ਰਤੀਨਿਧਤਾ ਕਰਨ ਲਈ ਕਿਸੇ ਵੀ ਵਿਅਕਤੀ ਨੂੰ ਅਧਿਕਾਰਤ ਕਰ ਸਕੇਗੀ।

(6) ਉਪ-ਧਾਰਾ (4) ਵਿੱਚ ਹਵਾਲਾ ਕੀਤੇ ਗਏ ਨਿਰੀਖਣ ਜਾਂ ਜਾਂਚ-ਪੜਤਾਲ ਦੀ ਰਿਪੋਟ ਪ੍ਰਾਪਤ ਹੋਣ ਤੇ, ਰਾਜ ਸਰਕਾਰ ਇਸ ਦੀ ਪ੍ਰੀਖਿਆ ਕਰ ਸਕੇਗੀ ਅਤੇ ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਦੇ ਸਕੇਗੀ, ਜਿਵੇਂ ਇਹ ਜ਼ਰੂਰੀ ਸਮਝੇ।

(7) ਉਪ-ਧਾਰਾ (6) ਅਧੀਨ ਦਿੱਤੇ ਗਏ ਨਿਰਦੇਸ਼ਾਂ ਦੀ ਪ੍ਰਾਪਤੀ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਵਾਈਸ-ਚਾਂਸਲਰ, ਉਕਤ ਨਿਰਦੇਸ਼ਾਂ ਦੇ ਅਨੁਸਰਣ ਵਿੱਚ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਬਾਰੇ ਰਾਜ ਸਰਕਾਰ ਨੂੰ ਇਤਲਾਹ ਭੇਜੇਗਾ।

(8) ਉਪ-ਧਾਰਾ (7) ਵਿੱਚ ਉਲਿਖਤ ਕੀਤੀ ਗਈ ਮੁੱਦਤ ਦੇ ਗੁਜ਼ਰਨ ਤੇ, ਰਾਜ ਸਰਕਾਰ, ਵਾਈਸ-ਚਾਂਸਲਰ ਤੋਂ ਪ੍ਰਾਪਤ ਇਤਲਾਹ, ਜੇ ਕੋਈ ਹੋਵੇ, ਤੇ ਵਿਚਾਰ ਕਰਨ ਤੋਂ ਪਿੱਛੋਂ, ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜਿਵੇਂ ਉਹ ਜ਼ਰੂਰੀ ਸਮਝੇ ਅਤੇ ਯੂਨੀਵਰਸਿਟੀ ਅਜਿਹੇ ਨਿਰਦੇਸ਼ਾਂ ਦੀ ਪਾਲਣਾ ਕਰੇਗੀ।

ਰਾਜ ਸਰਕਾਰ ਨੂੰ ਮਤੇ ਦੀ ਸੰਸੂਚਨਾ।

26. ਯੂਨੀਵਰਸਿਟੀ ਦੁਆਰਾ ਪਾਸ ਕੀਤੇ ਗਏ ਹਰੇਕ ਮਤੇ ਨੂੰ ਅਜਿਹੇ ਮਤੇ ਦੇ ਪਾਸ ਕਰਨ ਦੀ ਤਰੀਕ ਤੋਂ ਤੀਹ ਦਿਨਾਂ ਦੀ ਮੁੱਦਤ ਅੰਦਰ ਰਾਜ ਸਰਕਾਰ ਨੂੰ ਸੰਸੂਚਿਤ ਕੀਤਾ ਜਾਵੇਗਾ।

ਰਾਜ ਸਰਕਾਰ ਦੀਆਂ ਯੂਨੀਵਰਸਿਟੀ ਦੇ ਮਤੇ ਨੂੰ ਮੁਅੱਤਲ ਜਾਂ ਮਨਸੂਖ ਕਰਨ ਦੀਆਂ ਸ਼ਕਤੀਆਂ।

27. ਜੇ ਰਾਜ ਸਰਕਾਰ ਦੀ ਰਾਏ ਵਿੱਚ, ਯੂਨੀਵਰਸਿਟੀ ਦਾ ਮਤਾ ਜਨਤਕ ਹਿੱਤ ਵਿੱਚ ਨਹੀਂ ਹੈ, ਜਾਂ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਵਿਨਿਯਮਾਂ ਦੀ ਅਨੁਰੂਪਤਾ ਵਿੱਚ ਨਹੀਂ ਹੈ, ਤਾਂ ਉਹ ਲਿਖਤੀ ਹੁਕਮ ਦੁਆਰਾ, ਅਜਿਹੇ ਮਤੇ ਦੇ ਪਰਿਪਾਲਣ ਨੂੰ ਮੁਅੱਤਲ ਕਰ ਸਕੇਗੀ:

ਪਰੰਤੂ ਉਹ ਮਤਾ, ਜਿਸ ਦਾ ਪਰਿਪਾਲਣ ਰਾਜ ਸਰਕਾਰ ਦੁਆਰਾ ਮੁਅੱਤਲ ਕੀਤਾ ਜਾਂਦਾ ਹੈ, ਯੂਨੀਵਰਸਿਟੀ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ ਲਈ ਵਾਜਬ ਮੌਕਾ ਦਿੱਤੇ ਬਿਨਾਂ ਮਨਸੂਖ ਨਹੀਂ ਕੀਤਾ ਜਾਵੇਗਾ।

ਰਾਜ ਸਰਕਾਰ ਦੀਆਂ ਨਿਰਦੇਸ਼ ਦੇਣ ਦੀਆਂ ਸ਼ਕਤੀਆਂ।

28. ਰਾਜ ਸਰਕਾਰ ਯੂਨੀਵਰਸਿਟੀ ਨੂੰ ਅਜਿਹੇ ਨਿਰਦੇਸ਼ ਜਾਰੀ ਕਰ ਸਕੇਗੀ, ਜੋ ਉਸਦੀ ਰਾਏ ਵਿੱਚ ਐਕਟ ਜਾਂ ਇਸ ਦੇ ਅਧੀਨ ਬਣਾਏ ਗਏ ਵਿਨਿਯਮਾਂ ਦੇ ਪ੍ਰਯੋਜਨਾਂ ਨੂੰ ਸਿਰੇ ਚਾੜ੍ਹਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਹਨ, ਅਤੇ ਯੂਨੀਵਰਸਿਟੀ ਅਜਿਹੇ ਸਾਰੇ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਪਾਬੰਦ ਹੋਵੇਗੀ।

ਰਾਜ ਸਰਕਾਰ ਦੀ ਕਠਨਾਈਆਂ ਦੂਰ ਕਰਨ ਦੀ ਸ਼ਕਤੀ।

29. ਜੇ ਯੂਨੀਵਰਸਿਟੀ ਦੀ ਸਥਾਪਨਾ ਦੇ ਬਾਰੇ ਵਿੱਚ ਜਾਂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੀ ਪਹਿਲੀ ਇਕੱਤਰਤਾ ਦੇ ਤੱਲਕ ਵਿੱਚ ਜਾਂ ਹੋਰਵੇਂ ਇਸ ਐਕਟ ਦੇ ਉਪਬੰਧਾਂ ਨੂੰ ਪਹਿਲੇ ਪੜਾਅ ਤੇ ਪ੍ਰਭਾਵੀ ਬਣਾਏ ਜਾਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ ਕਿਸੇ ਵੀ ਸਮੇਂ, ਯੂਨੀਵਰਸਿਟੀ ਦੀ ਕਿਸੇ ਅਥਾਰਟੀ ਦੇ ਗਠਨ ਤੋਂ ਪਹਿਲਾਂ, ਹੁਕਮ ਦੁਆਰਾ ਕੋਈ ਨਿਯੁਕਤੀ ਕਰ ਸਕੇਗੀ ਜਾਂ ਕੁਝ ਵੀ ਕਰ ਸਕੇਗੀ ਜਿੱਥੋਂ ਤੱਕ ਉਹ ਇਸ ਐਕਟ ਦੇ ਉਪਬੰਧਾਂ ਦੇ ਸੰਗਤ ਹੋਵੇ, ਜੋ ਇਸ ਨੂੰ ਕਠਨਾਈ ਨੂੰ ਦੂਰ ਕਰਨ ਦੇ ਪ੍ਰਯੋਜਨ ਲਈ ਜ਼ਰੂਰੀ ਜਾਂ ਹਾਲਾਤ ਅਨੁਸਾਰ ਉਚਿਤ ਪ੍ਰਤੀਤ ਹੋਣ। ਹਰੇਕ ਅਜਿਹਾ ਹੁਕਮ ਇਸ ਤਰ੍ਹਾਂ ਪ੍ਰਭਾਵੀ ਹੋਵੇਗਾ ਜਿਵੇਂ ਅਜਿਹੀ ਨਿਯੁਕਤੀ ਜਾਂ ਕਾਰਵਾਈ ਇਸ ਐਕਟ ਵਿੱਚ ਉਪਬੰਧਤ ਕੀਤੇ ਗਏ ਤਰੀਕੇ ਨਾਲ ਕੀਤੀ ਜਾਂ ਕੀਤੀ ਗਈ ਹੋਵੇ।

ਨਿਰਸਨ ਅਤੇ ਬਚਾਉ।

30. (1) ਮਹਾਰਾਜਾ ਰਣਜੀਤ ਸਿੰਘ ਰਾਜ ਤਕਨੀਕੀ ਯੂਨੀਵਰਸਿਟੀ ਆਰਡੀਨੈਂਸ, 2014 (2014 ਦਾ ਪੰਜਾਬ ਆਰਡੀਨੈਂਸ ਨੰ: 4), ਇਸ ਦੁਆਰਾ ਨਿਰਸਤ ਕੀਤਾ ਜਾਂਦਾ ਹੈ।

(2) ਅਜਿਹੇ ਨਿਰਸਨ ਦੇ ਹੁੰਦਿਆਂ ਹੋਇਆਂ ਵੀ, ਉਪ-ਧਾਰਾ (1) ਵਿੱਚ ਹਵਾਲਾ ਕੀਤੇ ਗਏ ਆਰਡੀਨੈਂਸ ਅਧੀਨ ਕੀਤੀ ਗਈ ਕੋਈ ਵੀ ਗੱਲ ਜਾਂ ਕੀਤੀ ਗਈ ਕੋਈ ਵੀ ਕਾਰਵਾਈ, ਇਸ ਐਕਟ ਦੇ ਤੱਤਸਥਾਨੀ ਉਪਬੰਧਾਂ ਅਧੀਨ ਕੀਤੀ ਜਾਂ ਕੀਤੀ ਗਈ ਸਮਝੀ ਜਾਵੇਗੀ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3753/6-2026/Pb. Govt. Press, S.A.S. Nagar*